# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

Excellence in Agri Info

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 13-07-2024 • Vol.42 No.28 • Ph. : 0175-2214575, 90410-14575 • Page : 16 | E-mail : khetiduniyan1983@gmail.com


ਅੰਦਰ ਪੜ੍ਹੋ



ਰੁੱਤ ਪੌਦੇ ਲਾਉਣ ਦੀ ਆਈ



ਨਰਮੇ ਦੇ ਰਸ ਚੂਸਣ ਵਾਲੇ ਕੀੜਿਆਂ ਦੀ ਸਰਵਪੱਖੀ ਰੋਕਥਾਮ



ਘਟਦਾ ਪਾਣੀ ਦਾ ਪੱਧਰ...

## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਮਾਹਿਰਾਂ ਨੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦਾ ਸੱਦਾ ਦਿੱਤਾ

ਪੰਜਾਬ ਭੂਗੋਲਿਕ ਤੌਰ 'ਤੇ 82 ਫੀਸਦੀ ਭੂਮੀ ਵਿਚ ਫਸਲ ਬਿਜਾਈ ਖੇਤਰ ਅਤੇ 191.7 ਫੀਸਦੀ ਦੀ ਔਸਤਨ ਫਸਲੀ ਤੀਬਰਤਾ ਨਾਲ ਭਾਰਤ ਦੇ ਖੇਤੀਬਾੜੀ ਖੇਤਰ ਦਾ ਧੁਰਾ ਬਣਿਆ ਰਿਹਾ ਹੈ । ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਵਿਚੋਂ 1.53 ਫੀਸਦੀ ਹੋਣ ਦੇ ਬਾਵਜੂਦ ਰਾਜ ਨੇ 2022-23 ਦੌਰਾਨ ਕੇਂਦਰੀ ਪੂਲ ਵਿਚ 46.2 ਫੀਸਦੀ ਕਣਕ ਅਤੇ 21.4 ਫੀਸਦੀ ਚੌਲਾਂ ਦਾ ਯੋਗਦਾਨ ਪਾਇਆ ਹੈ । ਸਿੰਚਾਈ ਲਈ ਨਹਿਰੀ ਅਤੇ ਧਰਤੀ ਹੇਠਲੇ ਪਾਣੀ ਦੋਵਾਂ 'ਤੇ ਨਿਰਭਰ ਰਹਿਣ ਵਾਲੇ ਪੰਜਾਬ ਵਿਚ ਪਾਣੀ ਦੀ ਲੋੜ ਤੋਂ ਵੱਧ ਵਰਤੋਂ ਅਤੇ ਕਮੀ ਨੇ ਮੌਜੂਦਾ ਦੌਰ ਵਿਚ ਚਿੰਤਾ ਦੇ ਹਲਾਤ ਪੈਦਾ ਕੀਤੇ ਹਨ । ਇਸ ਸੰਬੰਧ ਵਿਚ ਵਿਚਾਰ ਕਰਦਿਆਂ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਪਾਣੀ ਦੇ ਸਰੋਤਾਂ ਦੇ ਘਟਣ ਦੇ ਮੌਜੂਦਾ ਹਾਲਾਤ ਵੱਲ ਸੰਕੇਤ ਕਰਦੇ ਹੋਏ ਪਾਣੀ ਦੀ ਸੰਭਾਲ ਲਈ ਫੌਰਨ ਢੁੱਕਵੀਂ ਯੋਜਨਾਬੰਦੀ ਉੱਪਰ ਜ਼ੋਰ ਦਿੱਤਾ । ਉਨ੍ਹਾਂ ਕਿਹਾ ਸਾਡੇ ਰਾਜ ਵਿਚ 99 ਫੀਸਦੀ ਖੇਤੀਯੋਗ ਰਕਬਾ ਸਿੰਚਾਈ ਅਧੀਨ ਹੈ । 28 ਫੀਸਦੀ ਨਹਿਰੀ ਪਾਣੀ ਅਤੇ 72 ਫੀਸਦੀ ਟਿਊਬਵੈੱਲਾਂ ਦੇ ਪਾਣੀ ਨਾਲ ਸਿੰਚਾਈ ਹੁੰਦੀ ਹੈ । ਹਰ ਸਾਲ 28.02 ਬਿਲੀਅਨ ਕਿਊਬਿਕ ਮੀਟਰ ਪਾਣੀ ਜ਼ਮੀਨ ਵਿਚੋਂ ਕੱਢਿਆ ਜਾਂਦਾ ਹੈ ਤੇ 18.94 ਬਿਲੀਅਨ ਘਣ ਮੀਟਰ ਪਾਣੀ ਦਾ ਰੀਚਾਰਜ ਹੀ ਹੁੰਦਾ ਹੈ, ਜਿਸ ਨਾਲ ਪਾਣੀ ਦੇ ਪੱਧਰ ਵਿਚ ਵਿਆਪਕ ਗਿਰਾਵਟ ਆਈ ਹੈ । ਸੈਂਟਰਲ ਗਰਾਊਂਡ ਵਾਟਰ ਅਸੈਸਮੈਂਟ ਬੋਰਡ ਦੀ 2022 ਦੀ ਰਿਪੋਰਟ ਵਿਚ ਜਾਂਚੇ ਗਏ 150 ਬਲਾਕਾਂ ਵਿਚੋਂ 114 ਬਲਾਕਾਂ ਵਿਚ ਜ਼ਮੀਨਦੋਜ਼ ਪਾਣੀ ਦੀ ਸਥਿਤੀ ਖਤਰਨਾਕ ਹੱਦ ਤੱਕ ਹੇਠਾਂ ਹੈ । ਪੀ.ਏ.ਯੂ. ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਇਨ੍ਹਾਂ ਅੰਕੜਿਆਂ ਬਾਰੇ ਚਾਨਣਾ ਪਾਉਣ ਸਮੇਂ ਕਿਹਾ ਪਿਛਲੇ 60 ਸਾਲਾਂ ਵਿਚ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਕਾਫੀ ਵਧੀ ਹੈ, ਖਾਸ ਤੌਰ 'ਤੇ ਕੇਂਦਰੀ ਜ਼ਿਲ੍ਹਿਆਂ ਵਿਚ ਪਾਣੀ ਦੀ ਦੁਰਵਰਤੋਂ ਕਾਰਨ ਗੰਭੀਰ ਕਮੀ ਹੋਈ ਹੈ । ਨਿਰਦੇਸ਼ਕ ਖੋਜ ਨੇ ਸੁਚੇਤ ਕੀਤਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਸੰਭਾਲ ਨੂੰ ਸੰਤੁਲਿਤ ਕਰਨਾ ਜ਼ਰੂਰੀ ਹੈ । ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਵਰਤੋਂ ਨੂੰ ਅਨੁਕੂਲ ਬਣਾ ਕੇ ਅਤੇ ਜ਼ਮੀਨੀ ਪਾਣੀ ਨੂੰ ਸਮਝਦਾਰੀ ਨਾਲ ਵਰਤ ਕੇ ਹੀ ਅਸੀਂ ਫਸਲਾਂ ਦੀ ਚੰਗੀ ਪੈਦਾਵਾਰ ਨੂੰ ਯਕੀਨੀ ਬਣਾ ਸਕਦੇ ਹਾਂ ਤੇ ਮਿੱਟੀ ਦੀ ਸਿਹਤ ਨੂੰ ਸੁਰੱਖਿਅਤ ਰੱਖ ਸਕਦੇ ਹਾਂ । ਪੀ. ਏ. ਯੂ. ਮਾਹਿਰਾਂ ਨੇ ਕਿਸਾਨਾਂ ਨੂੰ ਇਨ੍ਹਾਂ ਸੁਝਾਵਾਂ ਉੱਪਰ ਅਮਲ ਕਰਨ ਦਾ ਸੱਦਾ ਦਿੱਤਾ ।










## ਕੱਦੂ ਵਾਲੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ ਕਿਵੇਂ ਕਰੀਏ ?

★ ਜੇਕਰ ਕੱਦੂ ਵਾਲੇ ਖੇਤ ਵਿੱਚ ਸਵਾਂਕ ਅਤੇ ਝੋਨੇ ਦੇ ਮੋਥੇ ਹੋ ਜਾਣ ਤਾਂ ਇਹਨਾਂ ਦੀ ਰੋਕਥਾਮ ਲਈ 100 ਮਿਲੀਲੀਟਰ ਪ੍ਰਤੀ ਏਕੜ ਨੌਮਿਨੀਗੋਲਡ/ਵਾਸ਼ ਆਊਟ/ਮਾਚੋਂ/ਤਾਰਕ 10 ਐਸ. ਸੀ. (ਬਿਸਪਾਇਰੀਬੈਕ) ਦਾ ਛਿੜਕਾਅ ਕਰੋ ।

★ ਚੀਨੀ ਘਾਹ ਦੀ ਸਮੱਸਿਆ ਲਈ 400 ਮਿਲੀਲੀਟਰ ਪ੍ਰਤੀ ਏਕੜ ਰਾਈਸਸਟਾਰ 6.7 ਈ. ਸੀ. (ਫਿਨੌਕਸਾਪ੍ਰੋਪ) ਦੀ ਵਰਤੋਂ ਕਰੋ । ਝੋਨੇ ਦੇ ਮੋਥੇ ਅਤੇ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਕਿ ਘਰਿੱਲਾ, ਸਣੀ ਆਦਿ ਦੀ ਸਮੱਸਿਆ ਹੋਵੇ ਤਾਂ 30 ਗ੍ਰਾਮ ਐਲਗਰਿੱਪ 20 ਡਬਲਯੂ. ਜੀ. (ਮੈਟਸਲਫੂਰਾਨ) ਜਾਂ 40 ਗ੍ਰਾਮ ਲੌਡੈਕਸ 60 ਡੀ. ਐਫ. (ਬੈਨਸਲਫੂਰਾਨ) ਜਾਂ 50 ਗ੍ਰਾਮ ਸਨਰਾਈਸ 15 ਡਬਲਯੂ. ਜੀ. (ਇਥੌਕਸੀਸਲਫੂਰਾਨ) ਜਾਂ 16 ਗ੍ਰਾਮ ਸੈਂਗਮੈਂਟ 50 ਡੀ. ਐਫ. (ਅਜਿਮਸਲਫੂਰਾਨ) ਜਾਂ 8 ਗ੍ਰਾਮ ਐਲਮਿਕਸ 20 ਡਬਲਯੂ. ਪੀ. (ਮੈਟਸਲਫੂਰਾਨ ਮਿਥਾਇਲ 10% + ਕਲੋਰਮਿਯੂਰਾਨ ਇਥਾਇਲ 10%) ਦਾ ਛਿੜਕਾਅ ਕਰੋ ।

★ ਜੇਕਰ ਸਵਾਂਕ, ਝੋਨੇ ਦੇ ਮੋਥੇ (ਛੱਤਰੀ ਵਾਲਾ ਮੋਥਾ, ਡੋਡੀਆਂ ਵਾਲਾ ਮੋਥਾ, ਘੂੰਈ) ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਸਮੱਸਿਆ ਹੋਵੇ ਤਾਂ 500 ਮਿਲੀਲੀਟਰ ਪ੍ਰਤੀ ਏਕੜ ਨੋਵੀਕਸਿਡ 3.25 ਓ. ਡੀ. (ਫਲੋਰਪਾਈਰਾਕਸੀਫੇਨ 1.31% + ਪਿਨੌਕਸੁਲਮ 2.1%) ਦੀ ਵਰਤੋਂ ਕਰੋ । ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ, ਚੌੜੇ ਪੱਤੇ ਵਾਲੇ ਨਦੀਨਾਂ ਦੀ ਸਮੱਸਿਆ ਹੋਵੇ ਤਾਂ 40 ਗ੍ਰਾਮ ਪ੍ਰਤੀ ਏਕੜ ਏਕੇਤਸੂ 43 ਡਬਲਯੂ. ਜੀ. (ਬਿਸਪਾਇਰੀਬੈਕ 38% + ਕਲੋਰੀ ਮਿਯੂਰਨ 2.5% + ਮੈਟਸਲਫੂਰਾਨ 2.5%) ਦਾ ਛਿੜਕਾਅ ਕਰੋ ।

★ ਨਦੀਨਾਂ ਦੀ ਪਰਖ ਦੇ ਆਧਾਰ 'ਤੇ, ਉਪਰ ਲਿਖੇ ਕਿਸੇ ਵੀ ਇੱਕ ਨਦੀਨ-ਨਾਸ਼ਕ ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਨਦੀਨਾਂ ਦੀ ਸਹੀ ਰੋਕਥਾਮ ਲਈ ਨਦੀਨ-ਨਾਸ਼ਕ ਦਾ ਛਿੜਕਾਅ ਲੁਆਈ ਤੋਂ 20-25 ਦਿਨਾਂ ਅੰਦਰ (ਜਦੋਂ ਨਦੀਨ 2-4 ਪੱਤਿਆਂ 'ਤੇ ਹੋਣ) ਕਰਨਾ ਲਾਜ਼ਮੀ ਹੈ ।

★ ਨਦੀਨ-ਨਾਸ਼ਕਾਂ ਦੇ ਛਿੜਕਾਅ ਸਮੇਂ ਖੇਤ ਵਿੱਚ ਪਾਣੀ ਖੜ੍ਹਾ ਨਹੀਂ ਹੋਣਾ ਚਾਹੀਦਾ ਅਤੇ ਛਿੜਕਾਅ ਤੋਂ ਅਗਲੇ ਦਿਨ ਪਾਣੀ ਲਗਾਉ । ਨਦੀਨ-ਨਾਸ਼ਕ ਦੇ ਛਿੜਕਾਅ ਲਈ ਫਲੱਡ ਜੈੱਟ (ਕੱਟ) ਜਾਂ ਫਲੈੱਟ ਫੈਨ (ਟੱਕ) ਵਾਲੀ ਨੋਜ਼ਲ ਦੀ ਵਰਤੋਂ ਕਰੋ । ਫ਼ਸਲ ਤੋਂ ਚੰਗਾ ਝਾੜ ਲੈਣ ਲਈ ਨਦੀਨਨਾਸ਼ਕਾਂ ਦੀ ਸਿਫਾਰਿਸ਼ ਕੀਤੀ ਮਾਤਰਾ ਦੀ ਵਰਤੋਂ ਅਤੇ ਹਰ ਸਾਲ ਸਿਫਾਰਿਸ਼ ਕੀਤੇ ਨਦੀਨ-ਨਾਸ਼ਕ ਗਰੁੱਪ ਬਦਲ ਕੇ ਕਰੋ ।

**ਅਰਸ਼ਦੀਪ ਕੌਰ ਤੇ ਨਵਨੀਤ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਤੇ ਬਠਿੰਡਾ (ਮੋ. 94646-59995)**

**ਸਾਨੂੰ ਸਭ ਨੂੰ ਆਪਣਾ ਫਰਜ਼ ਪਛਾਣਦੇ ਹੋਏ ਪੌਦੇ ਲਾਉਣ ਅਤੇ ਉਨ੍ਹਾਂ ਨੂੰ ਸੰਭਾਲਣ ਸਬੰਧੀ ਕਾਰਜਾਂ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ । ਇਕ ਗੱਲ ਜ਼ਰੂਰ ਹੈ ਕਿ ਸਾਨੂੰ ਪੇੜ-ਪੌਦਿਆਂ ਦੀ ਵੱਧ ਤੋਂ ਵੱਧ ਸਾਂਭ-ਸੰਭਾਲ ਕਰਨੀ ਚਾਹੀਦੀ ਹੈ ਤੇ ਸੁਰਖੀਆਂ ਵਿਚ ਰਹਿਣ ਵਰਗੀ ਆਦਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ।**



# ਰੁੱਤ ਪੌਦੇ ਲਾਉਣ ਦੀ ਆਈ

ਡਾ. ਬਲਵਿੰਦਰ ਸਿੰਘ ਲੱਖੇਵਾਲੀ
ਮੋ. 98142-39041

ਸਾਉਣ ਦਾ ਮਹੀਨਾ ਧਰਤ 'ਤੇ ਅਜਬ ਜਿਹਾ ਅਹਿਸਾਸ ਲੈ ਕੇ ਆਉਂਦਾ ਹੈ । ਹਾੜ ਮਹੀਨੇ ਦੀ ਕੜਕਦੀ ਧੁੱਪ, ਧਰਤੀ ਦੀ ਹਿੱਕ ਨੂੰ ਸਾੜ ਕੇ ਰੱਖ ਦਿੰਦੀ ਹੈ ਜਦ ਕਿ ਸਾਉਣ ਦੀ ਆਮਦ ਭਾਵ ਬਰਸਾਤ ਧਰਤੀ ਦੇ ਸੀਨੇ ਨੂੰ ਠਾਰਦੀ ਹੈ । ਸਿਰਫ ਮਨੁੱਖ ਹੀ ਨਹੀਂ ਬਲਕਿ ਧਰਤੀ 'ਤੇ ਵਸਦੇ ਸਭ ਜੀਵ-ਜੰਤੂਆਂ ਤੇ ਰੁੱਖਾਂ-ਪੌਦਿਆਂ ਵਿਚ ਵੀ ਨਵੀਂ ਜਾਨ ਪੈ ਜਾਂਦੀ ਹੈ । ਵੈਸੇ ਤਾਂ ਸਾਲ ਦੇ ਕਈ ਮਹੀਨੇ ਪੌਦੇ ਲਾਉਣ ਲਈ ਸਹਾਈ ਹੁੰਦੇ ਹਨ ਪ੍ਰੰਤੂ ਸਾਉਣ ਮਹੀਨਾ ਖਾਸ ਮੰਨਿਆ ਜਾਂਦਾ ਹੈ 'ਆਇਆ ! ਸਾਉਣ ਦਾ ਮਹੀਨਾ, ਰੁੱਖ, ਲਾਉਣ ਦਾ ਮਹੀਨਾ ।'

ਹਰ ਦਿਨ ਵਧ ਰਹੀਆਂ ਕੁਦਰਤੀ ਆਫਤਾਂ ਤੇ ਵਾਤਾਵਰਨ ਬਾਰੇ ਹਾਲਾਤ ਸਾਨੂੰ ਸਿੱਧੇ ਤੌਰ 'ਤੇ ਸੰਕੇਤ ਦੇ ਰਹੇ ਹਨ ਕਿ ਅਸੀਂ ਕੁਦਰਤ ਤੋਂ ਦੂਰ ਹੁੰਦੇ ਜਾ ਰਹੇ ਹਾਂ । ਹਰੇ-ਭਰੇ ਜੰਗਲਾਂ ਵਿਚ ਵਸਣ



ਵਾਲਾ ਮਨੁੱਖ ਅੱਜ ਕੰਕਰੀਟ ਦੇ ਜੰਗਲਾਂ ਦਾ ਵਾਸੀ ਹੋ ਗਿਆ ਹੈ । ਰੁੱਖਾਂ-ਬਿਰਖਾਂ ਨਾਲੋਂ ਨਾਤਾ ਤੋੜ ਕੇ ਅਸੀਂ ਇਮਾਰਤੀ ਅਤੇ ਬਨਾਵਟੀ ਮਾਹੌਲ ਨੂੰ ਤਰਜੀਹ ਦੇਣ ਲੱਗੇ ਹਾਂ । ਹਾਲਾਂਕਿ ਸਾਡੇ ਗੁਰੂਆਂ-ਪੀਰਾਂ ਨੇ ਤਾਂ ਸਦੀਆਂ ਪਹਿਲਾਂ ਸਾਨੂੰ ਬਿਰਖਾਂ ਦੀ ਮਨੁੱਖਾਂ ਅਤੇ ਜੀਵ-ਜੰਤੂਆਂ ਨਾਲ ਸਾਂਝ ਬਾਰੇ ਸੇਧ ਦਿੱਤੀ ਸੀ : 'ਬਿਰਖੇ ਹੇਠਿ ਸਭ ਜੰਤ ਇਕੱਠੇ ।' ਪਰ ਅਫਸੋਸ, ਅਸੀਂ ਧਾਰਮਿਕ ਅਸਥਾਨਾਂ 'ਤੇ ਮੱਥੇ-ਨੱਕ ਤਾਂ ਰਗੜਦੇ ਹਾਂ ਪਰ ਜੋ ਸਿੱਖਿਆ, ਸੁਨੇਹਾ ਉਨ੍ਹਾਂ ਦਿੱਤਾ ਸੀ, ਉਸ ਉੱਪਰ ਅਮਲ ਕਰਨ ਬਾਰੇ ਸੋਚਦੇ ਵੀ ਨਹੀਂ । ਸੰਗਮਰਮਰ ਦਾ ਪੱਥਰ ਲਾ-ਲਾ ਕੇ ਅਸੀਂ ਪਤਾ ਨਹੀਂ ਕੀ ਸਿੱਧ ਕਰਨਾ ਚਾਹੁੰਦੇ ਹਾਂ ? ਦੋਸਤੋ ! ਦੇਰ ਆਇਦ-ਦੁਰੁਸਤ ਆਇਦ । ਹਾਲਾਂਕਿ ਅਸੀਂ ਬਹੁਤ ਪਿੱਛੇ ਰਹਿ ਚੁੱਕੇ ਹਾਂ । ਫਿਰ ਵੀ ਡੁੱਲੇਹ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇ ਅਸੀਂ ਆਪਣਾ ਫਰਜ਼ ਪਛਾਣ ਕੇ ਕਾਰਜ ਸ਼ੁਰੂ ਕਰੀਏ । ਬਰਸਾਤ ਆ ਚੁੱਕੀ ਹੈ । ਇਸ ਦੇ ਪੌਦੇ ਲਾਉਣ ਦੀ ਰੁੱਤ ਵੀ ਕਿਹਾ ਜਾਂਦਾ ਹੈ । ਅਸੀਂ ਸਾਲ ਵਿਚ ਅਨੇਕਾਂ ਤਿੱਥ-ਤਿਉਹਾਰ ਮਨਾਉਂਦੇ ਹਾਂ । ਦੀਵਾਲੀ, ਦੁਸਹਿਰੇ ਦੀ ਤਰ੍ਹਾਂ ਅੱਜ ਸਾਨੂੰ ਰੁੱਖਾਂ ਦੇ ਤਿਉਹਾਰ ਯਾਨੀ ਵਣ-ਮਹਾਉਤਸਵ ਨੂੰ ਵੀ ਓਨੀ ਹੀ ਸ਼ਿੱਦਤ ਨਾਲ ਮਨਾਉਣਾ ਪਵੇਗਾ ਜਿੰਨੀ ਸ਼ਿੱਦਤ ਨਾਲ ਅਸੀਂ ਹੋਰ ਤਿਉਹਾਰ ਮਨਾਉਂਦੇ ਹਾਂ ।

ਜਿਨਾਂ ਰੁੱਖਾਂ ਦੁਆਲੇ ਸ੍ਰਿਸ਼ਟੀ ਦਾ ਸਭ ਚੱਕਰ ਚੱਲਦਾ ਹੈ । ਸਾਡੀਆਂ ਲੋੜਾਂ ਦੀ ਪੂਰਤੀ ਇਹ ਕਰਦੇ ਹਨ । ਖਾਸ ਤੌਰ 'ਤੇ ਹਰ ਪਲ ਜੀਣ ਲਈ ਲੋੜੀਂਦੀ ਆਕਸੀਜਨ ਸਾਨੂੰ ਦਿੰਦੇ ਹਨ ਤਾਂ ਸਾਨੂੰ ਇਨ੍ਹਾਂ ਦੇ ਤਿਉਹਾਰ ਮਨਾਉਣ 'ਚ ਪੂਰਾ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ । ਰੁੱਖ ਵਿਚਾਰੇ ਸਾਡੇ ਜਨਮ ਤੋਂ ਮਰਨ ਤੱਕ ਦੇ ਸਫਰ ਤੇ ਰੋਜ਼ਮੱਰਾ ਦੀ ਜ਼ਿੰਦਗੀ 'ਚ ਸਵੇਰ ਦੀ ਦਾਤਣ ਤੋਂ ਲੈ ਕੇ ਰਾਤ ਨੂੰ ਸੌਣ ਵਾਲੇ ਮੰਜੇ ਤੱਕ ਸਾਡੀ ਹਰ ਲੋੜ ਦੀ ਪੂਰਤੀ ਬਿਨਾਂ ਕੁਝ ਕਹੇ-ਸੁਣੇ ਪੂਰੀ ਕਰਦੇ ਹਨ ।

ਅਸੀਂ ਸਭ ਹਵਾ 'ਚ ਵੱਖ-ਵੱਖ ਸਾਧਨਾਂ ਰਾਹੀਂ ਜ਼ਹਿਰ ਘੋਲਣ ਲੱਗੇ ਹੋਏ ਹਾਂ ਤੇ ਇਹ ਡਾ. ਸੁਰਜੀਤ ਪਾਤਰ ਦੇ ਕਹਿਣ ਅਨੁਸਾਰ : 'ਏਹੋ ਹੈ ਮੇਰੀ ਮੈ ਅਕਸ਼ੀ, ਏਸੇ 'ਚ ਮਸਤ ਹਾਂ, ਪੌਣਾਂ 'ਚੋਂ ਜ਼ਹਿਰ ਪੀ ਰਿਹਾ ਹਾਂ, ਮੈਂ ਦਰਖਤ ਹਾਂ ।' ਵਣ-ਮਹਾਉਤਸਵ ਨੂੰ ਮਨਾਉਣ ਦੀ ਸ਼ੁਰੂਆਤ ਬਾਰੇ ਗੱਲ ਕਰੀਏ ਤਾਂ ਸਾਡੇ ਦੇਸ਼ ਵਿਚ ਪਹਿਲਾਂ 'ਰੁੱਖ ਉਗਾਓ ਉਤਸਵ' ਸੰਨ 1947 ਦੇ ਜੁਲਾਈ ਮਹੀਨੇ 'ਰੁੱਖ ਉਗਾਓ-ਸਪਤਾਹ' ਦੇ ਤੌਰ 'ਤੇ ਮਨਾਇਆ ਗਿਆ ਸੀ । ਕੁਝ ਲੋਥਾਂ ਨੇ ਇਸ ਨੂੰ ਰੁੱਖ ਬੀਜਣ-ਸਪਤਾਹ ਵੀ ਕਿਹਾ ।

ਇਸ ਉਤਸਵ ਦਾ ਆਗਾਜ਼ ਪੰਡਿਤ ਜਵਾਹਰਲਾਲ ਨਹਿਰੂ, ਡਾ. ਰਜਿੰਦਰ ਪ੍ਰਸਾਦ ਅਤੇ ਮੌਲਾਨਾ ਅਬਦੁਲ ਕਲਾਮ ਆਜ਼ਾਦ ਵਰਗੀਆਂ ਅਹਿਮ ਸ਼ਖਸੀਅਤਾਂ ਨੇ 'ਕਚਨਾਰ' ਦੇ ਬੂਟੇ ਲਾ ਕੇ ਕੀਤਾ । ਸੰਨ 1950 ਵਿਚ ਕੇ ਐੱਮ ਮੁਨਸ਼ੀ ਜੋ ਉਸ ਸਮੇਂ ਭਾਰਤ ਦੇ ਖੁਰਾਕ ਅਤੇ ਖੇਤੀਬਾੜੀ ਮੰਤਰੀ ਸਨ, ਨੇ ਇਸ ਦਾ ਨਾਂ ਬਦਲ ਦੇ ਵਣ-ਮਹਾਉਤਸਵ ਰੱਖਿਆ । ਉਨ੍ਹਾਂ ਨੇ ਪੌਦੇ ਲਾਉਣ ਦੀ ਲਹਿਰ ਕੌਮੀ ਪੱਧਰ 'ਤੇ ਚਲਾ ਕੇ ਆਮ ਲੋਕਾਂ ਦਾ ਧਿਆਨ ਵੀ ਇਸ ਵੱਲ ਦਿਵਾਇਆ । ਉਨ੍ਹਾਂ ਦੇ ਕਥਨ ਅਨੁਸਾਰ ''ਦੇਸ਼ ਦੀ ਸਾਧਾਰਨ ਆਰਥਿਕ ਦਸ਼ਾ ਵਿਚ ਰੁੱਖਾਂ ਦਾ ਆਪਣਾ ਸਥਾਨ ਹੁੰਦਾ ਹੈ । ਜੰਗਲ ਖੇਤੀਬਾੜੀ ਨਾਲ ਸਬੰਧਤ ਨਹੀਂ ਹੁੰਦੇ । ਇਹ ਅਜਿਹਾ ਅਮੁੱਕ ਸੋਮਾ ਹਨ ਜਿਨ੍ਹਾਂ ਤੋਂ ਅਸੀਂ ਲੱਖਾਂ ਦੀ ਗਿਣਤੀ ਵਿਚ ਵਧ ਰਹੇ ਲੋਕਾਂ ਵਾਸਤੇ ਖੁਰਾਕ ਤੇ ਹੋਰ ਲੋੜਾਂ ਦੀ ਪੂਰਤੀ ਕਰ ਸਕਦੇ ਹਾਂ ।

ਰੁੱਖਾਂ ਦੇ ਹੋਣ ਦਾ ਅਰਥ ਹੋਵੇਗਾ ਪਾਣੀ ਦਾ ਹੋਣਾ ਤੇ ਜੇ ਪਾਣੀ ਆਮ ਹੋਵੇ ਤਾਂ ਖੁਰਾਕ ਆਮ ਹੋ ਸਕਦੀ ਹੈ । ਵਣ-ਮਹਾਉਤਸਵ ਸਾਡੇ ਹੋਰ ਤਿਉਹਾਰਾਂ ਦੀਵਾਲੀ, ਦੁਸਹਿਰੇ ਦੀ ਤਰ੍ਹਾਂ ਨਹੀਂ ਕਿ ਇਕ ਦਿਨ ਪਟਾਕੇ ਚਲਾਏ, ਰੌਲਾ ਪਾਇਆ ਤੇ ਫਿਰ ਬੈਠ ਗਏ । ਇਹ ਤਾਂ ਨਿਰੰਤਰ ਅੰਦੋਲਨ ਦੀ ਤਰ੍ਹਾਂ ਹੈ ਜੋ ਦਿਨ-ਰਾਤ ਚੱਲਦਾ ਹੈ । ਜੇ ਪੌਦੇ ਲਾਉਣਾ ਵੱਡੀ ਗੱਲ ਹੈ ਤਾਂ ਉਨ੍ਹਾਂ ਨੂੰ ਸੰਭਾਲਣਾ ਉਸ ਤੋਂ ਵੀ ਵੱਡੀ ਗੱਲ ਹੈ । ਮੈਂ ਤਾਂ ਇਹ ਸਮਝਦਾ ਹਾਂ ਕਿ ਅੱਜ ਦੀ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਨੂੰ 'ਰੁੱਖ ਬਚਾਓ ਅੰਦੋਲਨ' ਸ਼ੁਰੂ ਕਰਨਾ ਚਾਹੀਦਾ ਹੈ । ਛੋਟੇ ਤੋਂ ਵੱਡੇ ਰੁੱਖਾਂ ਨੂੰ ਲੋਕ ਕੱਟਣ ਵਿਚ ਦੇਰੀ ਨਹੀਂ ਕਰ ਰਹੇ ।

ਕਈ ਦੇਸ਼ ਜੰਗਲਾਂ ਨਾਲ ਭਰੇ ਪਏ ਹਨ ਪਰ ਫਿਰ ਵੀ ਉਹ ਲੋਕ 'ਰੁੱਖ ਦਿਵਸ', 'ਰੁੱਖਾਂ ਦਾ ਮੇਲਾ' ਅਤੇ 'ਹਰਿਆਵਲ ਸਪਤਾਹ' ਆਦਿ ਖੂਬ ਮਨਾਉਂਦੇ ਹਨ । ਕੈਨੇਡਾ ਵਿਚ 'ਵਣ ਰਖਸ਼ਾ ਸਪਤਾਹ' ਅਨੇਕਾਂ ਅਦਾਰੇ ਮਨਾਉਂਦੇ ਹਨ ਅਤੇ ਆਮ ਲੋਕਾਂ ਨੂੰ ਜੰਗਲਾਂ ਵਿਚ ਲੱਗਣ ਵਾਲੀ ਅੱਗ ਤੋਂ ਬਚਾਉਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾਂਦਾ ਹੈ । ਆਸਟ੍ਰੇਲੀਆ, ਅਮਰੀਕਾ, ਇਜ਼ਰਾਈਲ ਆਦਿ ਦੇਸ਼ਾਂ ਵਿਚ ਵਾਤਾਵਰਨ ਸਬੰਧੀ ਹਾਲਾਤ ਅਨੁਸਾਰ ਸਾਲ ਦੇ ਕਿਸੇ ਨਾਲ ਕਿਸੇ ਮਹੀਨੇ ਰੁੱਖਾਂ ਦੀ ਸੰਭਾਲ ਅਤੇ ਬਚਾਅ ਖਾਤਰ ਉਤਸਵ ਮਨਾਏ ਜਾਂਦੇ । ਜਾਪਾਨ ਤੇ ਲੋਕ ਤਾਂ ਅਪ੍ਰੈਲ ਮਹੀਨੇ ਇਕ ਹਫਤੇ ਨੂੰ ਕੌਮੀ ਰੁੱਖ ਤਿਉਹਾਰ ਵਜੋਂ ਮਨਾਉਂਦੇ ਹਨ ।

'ਹਰਿਆਵਲ ਸਪਤਾਹ' ਨਾਮੀ ਇਸ ਹਫਤੇ ਨੂੰ ਅੱਗੇ ਦਿਨਾਂ ਦੇ ਹਿਸਾਬ ਨਾਲ ਵੱਖ-ਵੱਖ ਸਥਾਨਾਂ ਅਨੁਸਾਰ ਜਿਵੇਂ 'ਮਾਰਗ ਹਰਿਆਵਲ ਦਿਵਸ', 'ਗ੍ਰਹਿ ਵਾਟਿਕਾ ਹਰਿਆਵਲ ਦਿਵਸ' ਅਤੇ 'ਸਕੂਲ ਹਰਿਆਵਲ ਦਿਵਸ' ਆਦਿ 'ਚ ਵੰਡ ਕੇ ਪੌਦੇ ਲਾਉਣ ਅਤੇ ਪਾਲਣ-ਪੋਸ਼ਣ ਸਬੰਧੀ ਲੋਕਾਂ ਦਾ ਧਿਆਨ ਦਿਵਾਇਆ ਜਾਂਦਾ ਹੈ ।

ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜਿਨ੍ਹਾਂ ਦਾ ਮੁੱਖ ਮਕਸਦ ਰੋਟੀ ਖਾ ਕੇ ਸੌਣਾ, ਆਉਣ ਵਾਲੀ ਪੀੜ੍ਹੀ ਲਈ ਪੈਸਾ ਤੇ ਜ਼ਮੀਨ-ਜਾਇਦਾਦ ਇਕੱਠੇ ਕਰਨ ਦੀ ਬਜਾਏ ਲੋਕ ਭਲਾਈ ਦੇ ਕੰਮ ਕਰਨਾ ਹੁੰਦਾ ਹੈ । ਜੇ ਸਾਰਾ ਸੰਸਾਰ ਪੈਸੇ ਅਤੇ ਸ਼ੋਹਰਤ ਖਾਤਰ ਕੁਦਰਤ ਨਾਲ ਇਸੇ ਤਰ੍ਹਾਂ ਖਿਲਵਾੜ ਕਰਦਾ ਗਿਆ ਤਾਂ ਪਰਲੋ ਦੀ ਆਮਦ ਜ਼ਿਆਦਾ ਦੂਰ ਨਹੀਂ । ਪਹਿਲਾਂ ਲੋਕ ਰੁੱਖਾਂ ਨੂੰ ਹਰ ਜਗ੍ਹਾ ਲਾਉਂਦੇ ਸਨ ਚਾਹੇ ਉਹ ਘਰ ਹੋਵੇ, ਗਲੀ, ਪਿੰਡ ਜਾਂ ਸਾਂਝੀਆਂ ਸੰਸਥਾਵਾਂ ਹੋਣ, ਹਰ ਜਗ੍ਹਾਂ ਰੁੱਖਾਂ ਦੀ ਅਹਿਮੀਅਤ ਹੁੰਦੀ ਸੀ । ਲੋਕਾਂ ਦੇ ਘਰਾਂ ਦੀ ਨਿਸ਼ਾਨੀ ਵੀ ਰੁੱਖ ਦੇ ਤੌਰ 'ਤੇ ਹੁੰਦੀ ਸੀ ਜੋ ਇਸ ਤਰ੍ਹਾਂ ਲੋਕ ਗੀਤਾਂ 'ਚ ਆਉਂਦੀ ਹੈ : 'ਬਾਜ਼ਾਰ ਵਿਕੇਂਦੀ ਤਰ ਵੇ, ਮੇਰਾ ਸਾਹਮਣੀ ਗਲੀ ਵਿਚ ਘਰ ਵੇ । ਪਿੱਪਲ ਨਿਸ਼ਾਨੀ, ਜੀਵੇ ਢੋਲਾ । ਢੋਲਾ ਜਾਨੀ, ਸਾਡੀ ਗਲੀ ਆ ਵੇ, ਤੇਰੀ ਮਿਹਰਬਾਨੀ ।'

ਪ੍ਰੰਤੂ ਅੱਜ ਸਥਿਤੀ ਬਦਲ ਚੁੱਕੀ ਹੈ । ਸਾਡੇ ਵਣ, ਪੀਲੂ, ਜੰਡ, ਕਰੀਰ, ਲਸੂੜੇ, ਬਰਨੇ ਆਦਿ ਅਨੇਕਾਂ ਰੁੱਖ ਦਿਨ-ਬ-ਦਿਨ ਪੰਜਾਬ 'ਚੋਂ ਖਤਮ ਹੋ ਰਹੇ ਹਨ । ਸਾਨੂੰ ਪੌਦੇ ਲਾਉਣ ਵੇਲੇ ਉਨ੍ਹਾਂ ਰੁੱਖਾਂ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ ਜੋ ਲੋਪ ਹੋਣ ਦੀ ਸੂਚੀ ਵਿਚ ਸ਼ਾਮਲ ਹੋ ਚੁੱਕੇ ਹਨ । ਸਮਾਜ ਦੇ ਹਰ ਵਰਗ, ਹਰ ਬੱਚੇ, ਜਵਾਨ 'ਤੇ ਬਜ਼ੁਰਗ ਤੇ ਹਰ ਰਿਸ਼ਤੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪਹਿਲਾਂ ਲਾਏ ਰੁੱਖਾਂ ਨੂੰ ਸੁੱਕਣ-ਮੁੱਕਣ ਤੋਂ ਬਚਾਈਏ ਅਤੇ ਇਨ੍ਹਾਂ ਲਈ ਫਿਕਰਮੰਦ ਹੋਈਏ 'ਪੀਲਾਂ ਮੁੱਕੀਆਂ ਟਾਹਲੀਆਂ ਸੁੱਕੀਆਂ, ਸੁੱਕ ਜਾਣ ਨਾ ਰੁੱਖ ਹਰੇ-ਭਰੇ । ਆਖ ਨੀ ਨਨਾਣੇ ਤੇਰੇ ਵੀਰ ਨੂੰ, ਕਦੇ ਤਾਂ ਭੋਰਾ ਫਿਕਰ ਕਰੇ ।'

ਖੁਸ਼ੀ ਦੀ ਗੱਲ ਤਾਂ ਇਹ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਅਸੀਂ ਰੁੱਖਾਂ ਪ੍ਰਤੀ ਕਾਫੀ ਜਾਗਰੂਕ ਹੋਏ ਹਾਂ । ਅਮਲੀ ਰੂਪ ਵਿਚ ਧਰਤ ਉੱਪਰ ਪੌਦੇ ਲੱਗਣੇਸ਼ੁਰੂ ਹੋਏ ਹਨ । ਅਨੇਕਾਂ ਸ਼ਖਸੀਅਤਾਂ ਅਤੇ ਸੰਸਥਾਵਾਂ ਨੇ ਆਪਣਾ ਕਾਰਜ ਆਰੰਭਿਆ ਹੋਇਆ ਹੈ ਤੇ ਉਹ ਕਾਮਯਾਬ ਵੀ ਹੋ ਰਹੀਆਂ ਹਨ ।

ਸਾਨੂੰ ਸਭ ਨੂੰ ਆਪਣਾ ਫਰਜ਼ ਪਛਾਣਦੇ ਹੋਏ ਪੌਦੇ ਲਾਉਣ ਅਤੇ ਉਨ੍ਹਾਂ ਨੂੰ ਸੰਭਾਲਣ ਸਬੰਧੀ ਕਾਰਜਾਂ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ । ਇਕ ਗੱਲ ਜ਼ਰੂਰ ਹੈ ਕਿ ਸਾਨੂੰ ਪੇੜ-ਪੌਦਿਆਂ ਦੀ ਵੱਧ ਤੋਂ ਵੱਧ ਸਾਂਭ-ਸੰਭਾਲ ਕਰਨੀ ਚਾਹੀਦੀ ਹੈ ਤੇ ਸੁਰਖੀਆਂ ਵਿਚ ਰਹਿਣ ਵਰਗੀ ਆਦਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ।

ਆਓ ! ਅਸੀਂ ਸਭ ਰਲ ਕੇ ਇਸ ਵਣ-ਮਹਾਂਉਤਸਵ ਮੌਕੇ ਪੌਦੇ ਲਾਉਣ ਅਤੇ ਉਨ੍ਹਾਂ ਨੂੰ ਸੰਭਾਲਣ ਵਾਲੀ ਲਹਿਰ ਵਿਚ ਆਪਣਾ ਖੂਬ ਯੋਗਦਾਨ ਪਾ ਕੇ ਸਾਡੀ ਬੰਜਰ ਹੋ ਰਹੀ ਧਰਤੀ ਨੂੰ ਮੁੜ ਤੋਂ ਰੁੱਖਾਂ ਨਾਲ ਸ਼ਿੰਗਾਰ ਦੇਈਏ ਤੇ ਦੁਆ ਕਰੀਏ ਕਿ ਸਾਡੇ ਮਹਾਨ ਸਾਹਿਤਕਾਰਾਂ ਨੂੰ ਨਿਰਾਸ਼ਾ ਦੇ ਆਲਮ ਵਿਚ ਜਾ ਕੇ ਇਸ ਤਰ੍ਹਾਂ ਨਾ ਲਿਖਣਾ ਪਵੇ-'ਇੱਥੋਂ ਕੂੱਲ ਪਰਿੰਦੇ ਹੀ ਉਡ ਗਏ, ਇੱਥੇ ਮੇਘ ਆਉਂਦੇ ਵੀ ਮੁੜ ਗਏ । ਇੱਥੇ ਕਰਨ ਅੱਜ ਕੁੱਲ ਬਿਰਖ ਵੀ, ਕਿਤੇ ਹੋਰ ਜਾਣ ਦੇ ਮਸ਼ਵਰੇ ।

**ਰੁੱਖਾਂ ਦੇ ਹੋਣ ਦਾ ਅਰਥ ਹੋਵੇਗਾ ਪਾਣੀ ਦਾ ਹੋਣਾ ਤੇ ਜੇ ਪਾਣੀ ਆਮ ਹੋਵੇ ਤਾਂ ਖੁਰਾਕ ਆਮ ਹੋ ਸਕਦੀ ਹੈ । ਵਣ-ਮਹਾਉਤਸਵ ਸਾਡੇ ਹੋਰ ਤਿਉਹਾਰਾਂ ਦੀਵਾਲੀ, ਦੁਸਹਿਰੇ ਦੀ ਤਰ੍ਹਾਂ ਨਹੀਂ ਕਿ ਇਕ ਦਿਨ ਪਟਾਕੇ ਚਲਾਏ, ਰੌਲਾ ਪਾਇਆ ਤੇ ਫਿਰ ਬੈਠ ਗਏ । ਇਹ ਤਾਂ ਨਿਰੰਤਰ ਅੰਦੋਲਨ ਦੀ ਤਰ੍ਹਾਂ ਹੈ ਜੋ ਦਿਨ-ਰਾਤ ਚੱਲਦਾ ਹੈ । ਜੇ ਪੌਦੇ ਲਾਉਣਾ ਵੱਡੀ ਗੱਲ ਹੈ ਤਾਂ ਉਨ੍ਹਾਂ ਨੂੰ ਸੰਭਾਲਣਾ ਉਸ ਤੋਂ ਵੀ ਵੱਡੀ ਗੱਲ ਹੈ ।**



# ਮਿੱਟੀ ਦੀ ਸਿਹਤ ਲਾਭਦਾਇਕ ਅਤੇ ਟਿਕਾਊ ਖੇਤੀ ਦਾ ਇੱਕ ਅਨਿੱਖੜਵਾਂ ਅੰਗ

**ਮਨਦੀਪ ਸਿੰਘ, ਇੰਦਰਪਾਲ ਕੌਰ, ਸੋਨਿਕਾ ਸ਼ਰਮਾ,**
**ਡੀ. ਏ. ਵੀ. ਯੂਨੀਵਰਸਿਟੀ, ਜਲੰਧਰ**

ਭਾਰਤ ਦੀ ਲਗਭਗ ਦੋ ਤਿਹਾਈ ਆਬਾਦੀ ਦੀ ਰੋਜ਼ੀ-ਰੋਟੀ ਦਾ ਮੂਲ ਆਧਾਰ ਖੇਤੀਬਾੜੀ ਹੈ । ਸ਼ਹਿਰੀਕਰਨ ਅਤੇ ਉਦਯੋਗੀਕਰਨ ਕਾਰਨ ਖੇਤੀ ਯੋਗ ਜ਼ਮੀਨ ਦਿਨੋ-ਦਿਨ ਘਟਦੀ ਜਾ ਰਹੀ ਹੈ, ਨਾਲ ਹੀ ਇਸਦੀ ਗੁਣਵੱਤਾ ਵੀ ਕਾਫੀ ਘੱਟ ਰਹੀ ਹੈ । 20ਵੀਂ ਸਦੀ ਦੇ ਦੂਜੇ ਅੱਧ ਵਿਚ ਹਰੀ ਕ੍ਰਾਂਤੀ ਨੇ ਖੇਤੀ ਉਤਪਾਦਨ ਦੀ ਗੁਣਾਤਮਕ ਵਿਚ ਵਾਧਾ ਕੀਤਾ । ਜਿਸਦਾ ਯੁੱਗ ਉੱਚ ਉਪਜ ਦੇਣ ਵਾਲੀਆਂ ਕਿਸਮਾਂ, ਰਸਾਇਣਕ ਖਾਦਾਂ ਅਤੇ ਭੋਜਨ ਦੀ ਸੰਭਾਲ ਦੇ ਉਪਾਅ ਵੱਡੇ ਪੱਧਰ ਤੇ ਅਪਨਾਉਣਾ ਸੀ । ਜਿਸ ਦੇ ਸਿੱਟੇ ਅਗਲੇ ਦਹਾਕਿਆਂ ਵਿਚ ਖੇਤੀ ਉਤਪਾਦਨ ਵਿਚ ਕਮੀ ਦੇ ਰੂਪ ਵਿਚ ਸਾਹਮਣੇ ਆਏ ।

ਇਸਦਾ ਇਕ ਕਾਰਨ ਮਿੱਟੀ ਦੀ ਗੁਣਵੱਤਾ ਵਿਚ ਹੌਲੀ-ਹੌਲੀ ਗਿਰਾਵਟ ਨੂੰ ਮੰਨਿਆ ਗਿਆ । ਇਸ ਲਈ ਅਣਗਿਣਤ ਵਿਗਿਆਨਕ ਹਵਾਲੇ ਉਪਲੱਬਧ ਹਨ । ਇਸ ਲਈ, ਮਿੱਟੀ ਦੀ ਸਿਹਤ ਨੂੰ ਬਰਕਰਾਰ ਰੱਖਣਾ ਆਧੁਨਿਕ ਖੇਤੀ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਮੁਸ਼ਕਿਲ ਚੁਣੌਤੀਆਂ ਵਿੱਚੋਂ ਇਕ ਹੈ ।

**ਮਿੱਟੀ ਦੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਕਾਰਨ ਖੇਤੀ ਰਸਾਇਣਾਂ ਦੀ ਬੇਕਾਬੂ ਵਰਤੋਂ :**

★ ਸਿੰਚਾਈ ਸਰੋਤਾਂ ਦੀ ਗੈਰ-ਵਿਗਿਆਨਕ ਵਰਤੋਂ

★ ਉਦਯੋਗੀਕਰਨ ਅਤੇ ਸ਼ਹਿਰੀਕਰਨ ਵਿਚ ਦਿਨ-ਬ-ਦਿਨ ਵਧ ਰਿਹਾ ਹੈ ।

★ ਖੇਤੀ ਖਾਦਾਂ ਦੀ ਅਸੰਤੁਲਿਤ ਤਰੀਕੇ ਨਾਲ ਵਰਤੋਂ

★ ਕੁਦਰਤੀ ਜੈਵਿਕ ਖਾਦਾਂ ਦੀ ਘੱਟ ਵਰਤੋਂ

★ ਭੋਜਨ ਲੜੀ ਵਿਚ ਜ਼ਹਿਰੀਲੇ ਤੱਤਾਂ ਦਾ ਦਾਖਲਾ

★ ਮਨੁੱਖਾਂ ਅਤੇ ਜਾਨਵਰਾਂ ਵਿਚ ਕੁਪੋਸ਼ਣ ਦੀ ਸਮੱਸਿਆ

ਭਾਰੀ ਉਦਯੋਗੀਕਰਨ ਅਤੇ ਸ਼ਹਿਰੀਕਰਨ ਦੇ ਨਤੀਜੇ ਵਜੋਂ ਨਿਕਲਣ ਵਾਲੇ ਪ੍ਰਦੂਸ਼ਿਤ ਪਾਣੀ ਵਿਚ ਕੈਡਮੀਅਮ (cd) ਮੌਜੂਦ ਹੈ । ਲੀਡ (Pb), ਨਿਕਲ, ਕ੍ਰੋਮੀਅਮ (cr) ਆਦਿ ਵਰਗੇ ਜ਼ਹਿਰੀਲੇ ਤੱਤਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ।

ਇਸ ਨਾਲ ਮਿੱਟੀ ਵਿਚ ਇਨ੍ਹਾਂ ਜ਼ਹਿਰੀਲੇ ਤੱਤਾਂ ਦੀ ਮਾਤਰਾ ਹੌਲੀ-ਹੌਲੀ ਬਦਲਣੀ ਸ਼ੁਰੂ ਹੋ ਜਾਂਦੀ ਹੈ । ਪੌਦਿਆਂ ਨੂੰ ਪ੍ਰਦਾਨ ਕਰਨ ਵਾਲੀ ਮਿੱਟੀ ਦੀ ਪ੍ਰਣਾਲੀ ਵਿਗੜ ਜਾਂਦੀ ਹੈ । ਆਖਰਕਾਰ ਇਹ ਜ਼ਹਿਰੀਲੇ ਤੱਤ ਪੌਦਿਆਂ ਰਾਹੀਂ ਮਨੁੱਖਾਂ ਤੱਕ ਪਹੁੰਚ ਜਾਂਦੇ ਹਨ ।

**ਮਿੱਟੀ ਨੂੰ ਸਿਹਤਮੰਦ ਰੱਖਣ ਲਈ ਪ੍ਰਬੰਧਨ ਰਣਨੀਤੀਆਂ :**

1. **ਏਕੀਕ੍ਰਿਤ ਪੌਸ਼ਟਿਕ ਪ੍ਰਬੰਧਨ** : ਇਸ ਵਿਚ ਕੁਦਰਤੀ ਤੌਰ ਤੇ ਉਪਲਬਧ ਜੈਵਿਕ ਅਤੇ ਨਕਲੀ ਤੌਰ ਤੇ ਸੰਸ਼ਲੇਸ਼ਿਤ ਪੌਸ਼ਟਿਕ ਤੱਤਾਂ ਦੇ ਰਸਾਇਣਕ ਸਰੋਤਾਂ ਦਾ ਸਹੀ ਅਤੇ ਸੰਤੁਲਿਤ ਤਾਲਮੇਲ ਕੀਤਾ ਜਾਂਦਾ ਹੈ । ਇਸ ਸਲਾਹ ਦਿੱਤੀ ਜਾਂਦੀ ਹੈ ਕਿ ਫਸਲਾਂ ਦੀ ਲੋੜ ਦੇ ਆਧਾਰ 'ਤੇ ਇਨ੍ਹਾਂ ਤਿੰਨਾਂ ਪੌਸ਼ਟਿਕ ਤੱਤਾਂ ਦੇ ਸਰੋਤਾਂ ਨੂੰ ਇਕ ਵਿਸ਼ੇਸ਼ ਅਨੁਪਾਤ ਵਿਚ ਮੁਹੱਈਆ ਕਰਵਾਇਆ ਜਾਵੇ ।

ਕੁਦਰਤੀ ਜੈਵਿਕ ਖਾਦ ਪੌਦਿਆਂ ਨੂੰ ਪੌਸ਼ਟਿਕ ਤੱਤ ਦੇ ਨਾਲ-ਨਾਲ ਮਿੱਟੀ ਵਿਚ ਕਾਰਬਨ ਪ੍ਰਦਾਨ ਕਰਦੀ ਹੈ, ਜੋ ਕਿ ਸੂਖਮ ਜੀਵਾਂ ਲਈ ਊਰਜਾ ਦਾ ਇੱਕ ਮਹੱਤਵਪੂਰਨ ਸਰੋਤ ਹੈ । ਜਿਸ ਕਾਰਨ ਮਿੱਟੀ ਜ਼ਿੰਦਾ ਰਹਿੰਦੀ ਹੈ ਅਤੇ ਸੂਖਮ ਜੀਵਾਂ ਲਈ ਅਨੁਕੂਲ ਨਿਵਾਸ ਸਥਾਨ ਹੁੰਦੀ ਹੈ ।

2. **ਏਕੀਕ੍ਰਿਤ ਕੀਟ ਪ੍ਰਬੰਧਨ** : ਇਸ ਵਿਚ ਕੀੜਿਆਂ, ਬਿਮਾਰੀਆਂ ਅਤੇ ਨਦੀਨਾਂ ਨੂੰ ਨਿਯੰਤਰਿਤ ਕਰਨ ਦੀਆਂ ਤਕਨੀਕਾਂ ਵੱਖ-ਵੱਖ ਖੇਤੀਬਾੜੀ ਸਥਿਤੀਆਂ ਅਤੇ ਵਾਤਾਵਰਣ ਦੇ ਅਨੁਸਾਰ ਵਰਤੀਆਂ ਜਾਂਦੀਆਂ ਹਨ । ਇਹਨਾਂ ਜੀਵਾਂ ਦੀ ਸੰਖਿਆ, ਘਣਤਾ ਆਦਿ ਕਾਰਨ ਮਿੱਟੀ ਵਿਚ ਰਹਿਣ ਵਾਲੇ ਸੂਖਮ ਜੀਵ ਆਪਣੀ ਹੋਂਦ ਨੂੰ ਬਰਕਰਾਰ ਰੱਖਦੇ ਹਨ ।

3. **ਸਿੰਚਾਈ ਪ੍ਰਣਾਲੀ ਅਤੇ ਪਾਣੀ ਦੀ ਗੁਣਵੱਤਾ** : ਭਾਰਤ ਵਿਚ ਪ੍ਰਚਲਿਤ ਪਰੰਪਰਾਗਤ ਸੱਤ ਤੇ ਅਧਾਰਿਤ ਸਿੰਚਾਈ ਵਿਧੀਆਂ ਆਮ ਤੌਰ ਤੇ ਘੱਟ ਅਸਰਦਾਰ, ਮਿਹਨਤ ਕਰਨ ਵਾਲੀਆਂ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਲਈ ਨੁਕਸਾਨਦੇਹ ਹੁੰਦੀਆਂ ਹਨ । ਇਸ ਲਈ ਜੇਕਰ ਤੁਪਕਾ ਅਤੇ ਸਪ੍ਰਿੰਕਲਰ ਸਿੰਚਾਈ ਦੇ ਤਰੀਕੇ ਅਪਣਾਏ ਜਾਣ ਤਾਂ ਇਨ੍ਹਾਂ ਨੁਕਸਾਨਾਂ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ ।

## ਫਲ ਮੱਖੀ ਇਸ ਵਾਰ ਵੀ ਅਮਰੂਦ ਦੀ ਫ਼ਸਲ ਨੂੰ ਨੁਕਸਾਨ ਪਹੁੰਚਾਏਗੀ – ਬਾਗਬਾਨ ਚਿੰਤਿਤ

### ਵਿਭਾਗ ਦਾ ਤਰਕ... ਬਾਗਬਾਨ ਖਰੀਦਣ ਨਹੀਂ ਆਉਂਦੇ, ਫਲਾਈ ਟਰੈਪ ਨਹੀਂ ਮੰਗਵਾਇਆ

ਅਮਰੂਦ ਦੇ ਦਰੱਖਤਾਂ ਨੂੰ ਫਲ ਲੱਗਣਾ ਸ਼ੁਰੂ ਹੋ ਗਿਆ ਹੈ । ਇਸ ਮਹੀਨੇ ਤੋਂ ਫਲ ਮੱਖੀ ਵੀ ਅਮਰੂਦ ਨੂੰ ਆਪਣਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੰਦੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਵੱਲੋਂ ਤਿਆਰ ਕੀਤਾ ਗਿਆ ਫਰੂਟ ਫਲਾਈ ਟਰੈਪ ਫਲ ਮੱਖੀ ਤੋਂ ਬਚਾਅ ਵਿੱਚ ਕਾਫੀ ਹੱਦ ਤੱਕ ਕੰਮ ਕਰਦਾ ਹੈ । ਪਰੰਤੂ ਇਸ ਵਾਰ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਫਰੂਟ ਫਲਾਈ ਟਰੈਪ ਬੋਤਲਾਂ ਨਹੀਂ ਲਿਆਉਂਦੀਆਂ ਗਈਆਂ ਹਨ, ਜਿਸ ਕਾਰਨ ਕਪੂਰਥਲਾ ਜ਼ਿਲ੍ਹੇ ਵਿੱਚ ਘਰਾਂ ਅਤੇ ਬਾਗਾਂ ਵਿੱਚ ਅਮਰੂਦ ਦੇ ਲੱਗੇ ਦਰੱਖਤਾਂ 'ਤੇ ਫਲ ਮੱਖੀ ਦਾ ਖਤਰਾ ਵੱਧ ਗਿਆ ਹੈ, ਜਿਸ ਕਾਰਨ ਉਹ ਖਾਣ ਯੋਗ ਨਹੀਂ ਰਹਿੰਦੇ । ਅਮਰੂਦ ਉਗਾਉਣ ਵਿੱਚ ਸਭ ਤੋਂ ਅੱਗੇ ਪਟਿਆਲਾ ਸ਼ਹਿਰ ਹੈ । ਜਿੱਥੋਂ ਦੂਜੇ ਰਾਜਾਂ ਅਤੇ ਸ਼ਹਿਰਾਂ ਵਿੱਚ ਸਪਲਾਈ ਹੁੰਦੀ ਹੈ । ਇਸ ਸੰਬੰਧ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਡਾਕਟਰ ਸੁਮਨ ਦਾ ਕਹਿਣਾ ਹੈ ਕਿ ਫਰੂਟ ਫਲਾਈ ਟਰੈਪ ਲੈਣ ਲਈ ਘੱਟ ਹੀ ਲੋਕ ਕੇ. ਵੀ. ਕੇ. ਵਿੱਚ ਆਉਂਦੇ ਹਨ । ਜਿਸ ਕਾਰਨ ਵਿਕਰੀ ਨਾ ਹੋਣ 'ਤੇ ਇਸ ਵਾਰ ਫਲ ਮੱਖੀ ਨੂੰ ਮਾਰਨ ਲਈ ਫਲਾਈ ਟਰੈਪ ਨਹੀਂ ਮੰਗਵਾਇਆ ਗਿਆ ਹੈ । ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਫਲਾਈ ਟਰੈਪ ਦੇ ਬਿਨਾਂ ਫਲ ਮੱਖੀ ਅਮਰੂਦ ਦੇ ਫਲ ਨੂੰ ਖਰਾਬ ਕਰ ਦੇਵੇਗੀ । ਇਸ ਸੰਬੰਧੀ ਉਨ੍ਹਾਂ ਕਿਹਾ ਕਿ ਪੀ. ਏ. ਯੂ. ਨੂੰ ਪੱਤਰ ਲਿਖਿਆ ਗਿਆ ਹੈ । ਜਿਸ ਦੇ ਚੱਲਦਿਆਂ ਅੱਗੇ ਤੋਂ ਫਲਾਈ ਟਰੈਪ ਕੇ. ਵੀ. ਕੇ. ਵਿੱਚ ਹੀ ਤਿਆਰ ਕੀਤਾ ਜਾਵੇਗਾ ।

### ਹਰ ਦੋ ਘਰ ਛੱਡ ਕੇ ਰੱਖਿਆ ਹੈ ਅਮਰੂਦ ਦਾ ਦਰੱਖਤ

ਅਮਰੂਦ ਸਵਾਦੀ ਹੋਣ ਦੇ ਨਾਲ ਪਾਚਨ ਸ਼ਕਤੀ ਬਰਕਰਾਰ ਰੱਖਣ ਵਿੱਚ ਕਾਫੀ ਲਾਭਦਾਇਕ ਹੁੰਦਾ ਹੈ । ਇਸ ਲਈ ਕਪੂਰਥਲਾ ਜ਼ਿਲ੍ਹੇ ਵਿੱਚ ਹਰ ਦੋ ਘਰ ਛੱਡ ਕੇ ਲੋਕਾਂ ਨੇ ਅਮਰੂਦ ਦੇ ਇੱਕ ਜਾਂ ਦੋ ਦਰੱਖਤ ਲਗਾਏ ਹੋਏ ਹਨ । ਪਰੰਤੂ ਇਸ ਵਾਰ ਉਹ ਆਪਣੇ ਘਰ ਦੇ ਅਮਰੂਦ ਦਾ ਸਵਾਦ ਨਹੀਂ ਲੈ ਸਕਣਗੇ । ਕਿਉਂਕਿ ਕੇ. ਵੀ. ਕੇ. ਵੱਲੋਂ ਫਰੂਟ ਫਲਾਈ ਟਰੈਪ ਦੀਆਂ ਬੋਤਲਾਂ ਨਹੀਂ ਮੰਗਵਾਈਆਂ ਗਈਆਂ ਹਨ । ਉੱਥੇ ਹੀ ਬਰਸਾਤ ਦਾ ਮੌਸਮ ਸ਼ੁਰੂ ਹੁੰਦੇ ਹੀ ਅਮਰੂਦ ਦੇ ਪੇੜ 'ਤੇ ਲੱਗੇ ਫਲਾਂ 'ਤੇ ਮੱਖੀਆਂ ਮੰਡਰਾਉਣ ਲੱਗ ਪੈਣਗੀਆਂ ਅਤੇ ਅਮਰੂਦ ਪੱਕਣ ਤੋਂ ਪਹਿਲਾਂ ਅੰਦਰ ਅੰਡੇ ਦੇਣਗੀਆਂ । ਇਸ ਤਰ੍ਹਾਂ ਅਮਰੂਦ ਪੱਕਣ 'ਤੇ ਅੰਦਰ ਤੋਂ ਕੀੜੇ ਨਿਕਲਣ ਲੱਗਣਗੇ । ਜਿਸ ਕਾਰਨ ਅਮਰੂਦ ਖਾਣ ਯੋਗ ਨਹੀਂ ਰਹੇਗਾ ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 28
ਮਿਤੀ 13-07-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਮਾਨਸੂਨ ਦੇ ਬਦਲਦੇ ਮਿਜਾਜ਼ ਦੇ ਅਨੁਸਾਰ ਖੁਦ ਨੂੰ ਢਾਲ ਨਹੀਂ ਸਕਿਆ ਸਾਡਾ ਦੇਸ਼

ਭਾਰਤ 'ਚ ਇਸ ਵਾਰ ਜੂਨ 'ਚ ਆਮ ਨਾਲੋਂ 11 ਫੀਸਦੀ ਘੱਟ ਮੀਂਹ ਦਰਜ ਕੀਤਾ ਗਿਆ ਜਦਕਿ ਗਰਮੀ ਨੇ 122 ਸਾਲ ਦਾ ਰਿਕਾਰਡ ਤੋੜ ਦਿੱਤਾ । ਓਧਰ ਮੌਸਮ ਵਿਭਾਗ ਦੇ ਦੱਸਿਆ ਕਿ ਇਸ ਵਾਰ ਜੁਲਾਈ 'ਚ ਆਮ ਨਾਲੋਂ ਵੱਧ ਮੀਂਹ ਪੈ ਸਕਦਾ ਹੈ ਜੋ ਲੰਬੇ ਅਰਸੇ ਦੇ ਔਸਤ (ਐੱਲ. ਪੀ. ਏ.) 28.04 ਸੈਮੀ ਤੋਂ 106 ਫੀਸਦੀ ਵੱਧ ਰਹਿ ਸਕਦਾ ਹੈ । ਗੌਰ ਕਰੋ ਅਜੇ ਭਾਰਤੀ ਕੈਲੰਡਰ ਅਨੁਸਾਰ ਇਹ ਹਾਲ ਹਾੜ੍ਹ ਮਹੀਨੇ ਦਾ ਹੈ ਅਤੇ ਅੱਗੇ ਸਾਉਣ-ਭਾਦੋਂ ਰਹਿੰਦਾ ਹੈ ।

ਭਾਰਤ ਸਰਕਾਰ ਦੇ ਕੇਂਦਰੀ ਧਰਤੀ ਵਿਗਿਆਨ ਮੰਤਰਾਲਾ ਵੱਲੋਂ ਤਿੰਨ ਸਾਲ ਪਹਿਲਾਂ ਤਿਆਰ ਪਹਿਲੀ ਜਲਵਾਯੂ ਪਰਿਵਰਤਨ ਮੁਲਾਂਕਣ ਰਿਪੋਰਟ 'ਚ ਸਪੱਸ਼ਟ ਦੱਸਿਆ ਗਿਆ ਕਿ ਤਾਪਮਾਨ 'ਚ ਵਾਧੇ ਦਾ ਅਸਰ ਭਾਰਤ ਦੇ ਮਾਨਸੂਨ 'ਤੇ ਵੀ ਕਹਿਰ ਢਾਹ ਰਿਹਾ ਹੈ । ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਉਪਰ ਗਰਮੀਆਂ ਦੇ ਸਮੇਂ ਦੀ ਮਾਨਸੂਨ ਵਰਖਾ (ਜੂਨ ਤੋਂ ਸਤੰਬਰ) 'ਚ 1951 ਤੋਂ 2015 ਤੱਕ ਲਗਭਗ 6 ਫੀਸਦੀ ਦੀ ਗਿਰਾਵਟ ਆਈ, ਜੋ ਭਾਰਤ-ਗੰਗਾ ਦੇ ਮੈਦਾਨਾਂ ਅਤੇ ਪੱਛਮੀ ਘਾਟਾਂ 'ਤੇ ਚਿੰਤਾਜਨਕ ਹਾਲਾਤ ਤੱਕ ਘੱਟ ਰਹੀ ਹੈ ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਗਰਮੀਆਂ 'ਚ ਮਾਨਸੂਨ ਦੇ ਮੌਸਮ ਦੌਰਾਨ ਸੰਨ 1951-1980 ਦੇ ਅਰਸੇ ਦੀ ਤੁਲਨਾ 'ਚ ਸਾਲ 1981-2011 ਦੇ ਦੌਰਾਨ 27 ਫੀਸਦੀ ਵੱਧ ਦਿਨ ਸੋਕੇ ਵਾਲੇ ਦਰਜ ਕੀਤੇ ਗਏ । ਇਸ 'ਚ ਦਰਸਾਇਆ ਗਿਆ ਹੈ ਕਿ ਬੀਤੇ 6 ਦਹਾਕਿਆਂ ਦੌਰਾਨ ਵਧਦੀ ਗਰਮੀ ਅਤੇ ਮਾਨਸੂਨ 'ਚ ਘੱਟ ਬਰਸਾਤ ਦੇ ਕਾਰਨ ਦੇਸ਼ 'ਚ ਸੋਕਾ ਪ੍ਰਭਾਵਿਤ ਇਲਾਕਿਆਂ 'ਚ ਵਾਧਾ ਹੋ ਰਿਹਾ ਹੈ । ਖਾਸ ਕਰ ਕੇ ਮੱਧ ਭਾਰਤ, ਦੱਖਣੀ-ਪੱਛਮੀ ਤੱਟ, ਦੱਖਣੀ ਪ੍ਰਾਇਦੀਪ ਅਤੇ ਉੱਤਰ-ਪੂਰਬੀ ਭਾਰਤ ਦੇ ਇਲਾਕਿਆਂ 'ਚ ਔਸਤਨ ਪ੍ਰਤੀ ਦਹਾਕਾ 2 ਤੋਂ ਵੱਧ ਵਾਰ ਘੱਟ ਮੀਂਹ ਅਤੇ ਸੋਕੇ ਦਰਜ ਕੀਤੇ ਗਏ । ਇਹ ਚਿੰਤਾਜਨਕ ਹੈ ਕਿ

**ਪੰਕਜ ਚਤੁਰਵੇਦੀ**

ਸੋਕੇ ਨਾਲ ਪ੍ਰਭਾਵਿਤ ਇਲਾਕੇ 'ਚ ਪ੍ਰਤੀ ਦਹਾਕਾ 1.3 ਫੀਸਦੀ ਦਾ ਵਾਧਾ ਹੋ ਰਿਹਾ ਹੈ ।

ਪ੍ਰਾਪਤ ਅੰਕੜੇ, ਮੁਲਾਂਕਣ ਅਤੇ ਚਿਤਾਵਨੀ ਦੇ ਬਾਵਜੂਦ ਅਜੇ ਤੱਕ ਸਾਡਾ ਦੇਸ਼ ਮਾਨਸੂਨ ਦੇ ਬਦਲਦੇ ਮਿਜਾਜ਼ ਅਨੁਸਾਰ ਖੁਦ ਢਲ ਨਹੀਂ ਸਕਿਆ । ਨਾ ਅਸੀਂ ਉਸ ਤਰ੍ਹਾਂ ਦੇ ਪਾਣੀ ਸੰਭਾਲ ਉਪਾਅ ਕਰ ਸਕੇ, ਨਾ ਸੜਕ-ਪੁਲ-ਨਹਿਰ ਦੀ ਉਸਾਰੀ ਕਰ ਸਕੇ । ਸਭ ਤੋਂ ਵੱਧ ਜਾਗਰੂਕਤਾ ਦੀ ਲੋੜ ਖੇਤੀ ਦੇ ਖੇਤਰ 'ਚ ਹੈ ਅਤੇ ਉੱਥੇ ਅਜੇ ਵੀ ਕਿਸਾਨ ਉਸ ਰਵਾਇਤੀ ਕੈਲੰਡਰ ਦੇ ਅਨੁਸਾਰ ਬਿਜਾਈ ਕਰ ਰਿਹਾ ਹੈ । ਅਸਲ 'ਚ ਪਾਣੀ ਨੂੰ ਲੈ ਕੇ ਸਾਡੀ ਸੋਚ ਸ਼ੁਰੂ ਤੋਂ ਹੀ ਨੁਕਸਦਾਰ ਹੈ ।

ਸਾਨੂੰ ਪੜ੍ਹਾ ਦਿੱਤਾ ਗਿਆ ਕਿ ਨਦੀ, ਨਹਿਰ, ਤਲਾਬ, ਝੀਲ ਆਦਿ ਪਾਣੀ ਸਰੋਤ ਹਨ, ਹਕੀਕਤ 'ਚ ਸਾਡੇ ਦੇਸ਼ 'ਚ ਪਾਣੀ ਦਾ ਸਰੋਤ ਸਿਰਫ ਮਾਨਸੂਨ ਹੀ ਹੈ, ਨਦੀ-ਦਰਿਆ ਆਦਿ ਤਾਂ ਉਸ ਨੂੰ ਸੰਭਾਲਣ ਦਾ ਸਥਾਨ ਮਾਤਰ ਹਨ ।

ਇਹ ਧਰਤੀ ਹੀ ਪਾਣੀ ਦੇ ਕਾਰਨ ਜੀਵਾਂ ਨਾਲ ਆਬਾਦ ਹੈ ਅਤੇ ਪਾਣੀ ਦੇ ਸਰੋਤ ਮਾਨਸੂਨ ਦੀ ਅਸੀਂ ਕਦਰ ਨਹੀਂ ਕਰਦੇ ਅਤੇ ਉਸ ਦੀ ਨਿਆਮਤ ਨੂੰ ਸੰਭਾਲਣ ਦੀ ਥਾਂ 'ਤੇ ਅਸੀਂ ਖੁਦ ਉਜਾੜ ਦਿੱਤਾ । ਗੰਗਾ-ਯਮੁਨਾ ਦੇ ਮੂਲ ਸਥਾਨ ਤੋਂ ਛੋਟੀਆਂ ਨਦੀਆਂ ਦੇ ਪਿੰਡ-ਕਸਬੇ ਤੱਕ ਬਸ ਇਹੀ ਹੱਲਾ ਹੈ ਕਿ ਬਰਸਾਤ ਨੇ ਖੇਤ-ਪਿੰਡ ਸਭ ਕੁਝ ਉਜਾੜ ਦਿੱਤਾ ।

ਇਹ ਵੀ ਸਮਝਣਾ ਹੋਵੇਗਾ ਕਿ ਮਾਨਸੂਨ ਇਕੱਲੀ ਬਰਸਾਤ ਨਹੀਂ ਹੈ । ਇਹ ਮਿੱਟੀ ਦੀ ਨਮੀ, ਸੰਘਣੇ ਜੰਗਲਾਂ ਲਈ ਲਾਜ਼ਮੀ, ਤਾਪਮਾਨ ਕਾਬੂ ਕਰਨ ਦੇ ਇਕੱਲੇ ਉਪਾਅ ਸਮੇਤ ਧਰਤੀ ਦੇ ਹਜ਼ਾਰਾਂ-ਲੱਖਾਂ ਜੀਵ-ਜੰਤੂਆਂ ਦੇ ਪ੍ਰਜਨਨ, ਭੋਜਨ, ਆਉਣ-ਜਾਣ ਦਾ ਵੀ ਕਾਲ ਹੈ । ਇਹ ਸਾਰੇ ਜੀਵ ਧਰਤੀ ਦੀ ਹੋਂਦ ਦੇ ਮਹੱਤਵਪੂਰਨ ਭਾਈਵਾਲ ਹਨ । ਇਨਸਾਨ ਆਪਣੇ ਲਾਲਚ 'ਚ ਕੁਦਰਤ ਨੂੰ ਜੋ ਨੁਕਸਾਨ ਪਹੁੰਚਾਉਂਦਾ ਹੈ, ਉਸ ਨੂੰ ਸਹੀ ਕਰਨ ਦਾ ਕੰਮ ਮਾਨਸੂਨ ਅਤੇ



ਉਸ ਤੋਂ ਉਪਜਿਆ ਜੀਵ ਜਗਤ ਕਰਦਾ ਹੈ ।

ਸਾਰੇ ਜਾਣਦੇ ਹਨ ਕਿ ਮਾਨਸੂਨ ਵਿਦਾ ਹੁੰਦੇ ਹੀ ਉਨ੍ਹਾਂ ਸਾਰੇ ਇਲਾਕਿਆਂ 'ਚ ਪਾਣੀ ਦੀ ਇੱਕ-ਇੱਕ ਬੂੰਦ ਲਈ ਆਪੋ-ਧਾਪੀ ਹੋਵੇਗੀ ਅਤੇ ਲੋਕ ਪਾਣੀ ਦੇ ਇਕ ਗਿਲਾਸ 'ਚ ਅੱਧਾ ਭਰ ਕੇ ਪਾਣੀ-ਸੰਭਾਲ ਦੇ ਪ੍ਰਵਚਨ ਦਿੰਦੇ ਅਤੇ ਪਾਣੀ ਜ਼ਿੰਦਗੀ ਦਾ ਆਧਾਰ ਵਰਗੇ ਨਾਅਰੇ ਕੰਧਾਂ 'ਤੇ ਲਿਖਦੇ ਦਿਸਣਗੇ ।

ਮਾਨਸੂਨ ਸ਼ਬਦ ਅਸਲ 'ਚ ਅਰਬੀ ਸ਼ਬਦ 'ਮੌਸਿਮ' ਤੋਂ ਆਇਆ ਹੈ, ਜਿਸ ਦਾ ਭਾਵ ਹੁੰਦਾ ਹੈ ਮੌਸਮ । ਅਰਬ ਸਾਗਰ 'ਚ ਵਗਣ ਵਾਲੀਆਂ ਮੌਸਮੀ ਹਵਾਵਾਂ ਲਈ ਅਰਬੀ ਮੱਲਾਹ ਇਸ ਸ਼ਬਦ ਦੀ ਵਰਤੋਂ ਕਰਦੇ ਸਨ । ਹਕੀਕਤ ਤਾਂ ਇਹ ਹੈ ਕਿ ਭਾਰਤ 'ਚ ਸਿਰਫ 3 ਹੀ ਕਿਸਮ ਦੀ ਜਲਵਾਯੂ ਹੈ- ਮਾਨਸੂਨ, ਮਾਨਸੂਨ ਤੋਂ ਪਹਿਲਾਂ ਅਤੇ ਮਾਨਸੂਨ ਉਪਰੰਤ । ਤਦ ਹੀ ਭਾਰਤ ਦੀ ਜਲਵਾਯੂ ਨੂੰ ਮਾਨਸੂਨੀ ਜਲਵਾਯੂ ਕਿਹਾ ਜਾਂਦਾ ਹੈ । ਜਾਣ ਲਓ ਮਾਨਸੂਨ ਦਾ ਪਤਾ ਸਭ ਤੋਂ ਪਹਿਲਾਂ ਪਹਿਲੀ ਸਦੀ ਈਸਵੀ 'ਚ ਹਿੱਪਲਸ ਨੇ ਲਾਇਆ ਸੀ ਅਤੇ ਉਦੋਂ ਤੋਂ ਇਸ ਦੇ ਮਿਜਾਜ਼ ਨੂੰ ਮਾਪਣ ਦੀਆਂ ਵਿਗਿਆਨਕਾਂ ਤੇ ਲੋਕਾਂ ਦੀਆਂ ਕੋਸ਼ਿਸ਼ਾਂ ਜਾਰੀ ਹਨ ।

ਭਾਰਤ ਦੇ ਲੋਕ-ਜੀਵਨ, ਅਰਥਵਿਵਸਥਾ, ਪੁਰਬ-ਤਿਉਹਾਰ ਦਾ ਮੂਲ ਆਧਾਰ ਬਰਸਾਤ ਤਾਂ ਮਾਨਸੂਨ ਦਾ ਮਿਜਾਜ਼ ਹੀ ਹੈ ।

ਕਮਜ਼ੋਰ ਮਾਨਸੂਨ ਪੂਰੇ ਦੇਸ਼ ਨੂੰ ਸੁੰਨਿਆ ਕਰ ਦਿੰਦਾ ਹੈ । ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਮਾਨਸੂਨ ਭਾਰਤ ਦੀ ਹੋਂਦ ਦਾ ਧੁਰਾ ਹੈ । ਮਾਨਸੂਨ ਹੁਣ ਸਿਰਫ ਭੂਗੋਲ ਜਾਂ ਮੌਸਮ ਵਿਗਿਆਨ ਨਹੀਂ ਹੈ-ਇਸ 'ਚ ਇੰਜੀਨੀਅਰਿੰਗ, ਡ੍ਰੇਨੇਜ, ਸੈਨੀਟੇਸ਼ਨ, ਖੇਤੀਬਾੜੀ ਸਮੇਤ ਬਹੁਤ ਕੁਝ ਜੁੜਿਆ ਹੈ ।

ਬਦਲਦੇ ਹੋਏ ਮੌਸਮ ਦੇ ਤੇਵਰ ਦੇ ਮੱਦੇਨਜ਼ਰ ਮਾਨਸੂਨ ਪ੍ਰਬੰਧਨ ਦਾ ਡੂੰਘਾ ਅਧਿਐਨ ਸਾਡੇ ਸਮਾਜ ਅਤੇ ਸਕੂਲਾਂ ਤੋਂ ਲੈ ਕੇ ਇੰਜੀਨੀਅਰਿੰਗ ਕੋਰਸਾਂ 'ਚ ਹੋਵੇ ਜਿਸ ਤਹਿਤ ਸਿਰਫ ਮਾਨਸੂਨ ਤੋਂ ਪਾਣੀ ਹੀ ਨਹੀਂ, ਉਸ ਨਾਲ ਜੁੜੀਆਂ ਫਸਲਾਂ, ਸੜਕਾਂ, ਸ਼ਹਿਰਾਂ 'ਚ ਬਰਸਾਤੀ ਪਾਣੀ ਦੀ ਨਿਕਾਸੀ ਦੇ ਢੁੱਕਵੇਂ ਪ੍ਰਬੰਧਾਂ ਤੇ ਸੰਭਾਲ ਵਰਗੇ ਅਧਿਆਏ ਹੋਣ । ਖਾਸ ਕਰਕੇ ਅਚਾਨਕ ਭਾਰੀ ਬਰਸਾਤ ਦੇ ਕਾਰਨ ਪੈਦਾ ਹੋਏ ਸੰਕਟਾਂ ਦੇ ਪ੍ਰਬੰਧਨ 'ਤੇ ।

# ਖੇਤੀ ਹੁੰਦੀ ਅੱਗੇ, ਜੇ ਚੰਗੇ ਹੋਣ ਢੱਗੇ

ਵਾਹੀ ਦਾ ਕੰਮ ਬਿਨਾਂ ਪਸ਼ੂਆਂ ਤੋਂ ਨਹੀਂ ਕੀਤਾ ਜਾ ਸਕਦਾ । ਸਭ ਲੋਕ ਜੋ ਗੈਰ-ਕਾਸ਼ਤ ਹਨ, ਉਹਨਾਂ ਨੂੰ ਪਤਾ ਹੈ ਪਰ ਅਜ ਖੇਤੀ ਦਾ ਧੰਦਾ ਮਸ਼ੀਨਰੀ ਨੇ ਸੰਭਾਲ ਲਿਆ ਹੈ । ਪੁਰਾਤਨ ਸਮਿਆਂ ਵਿਚ ਬੱਲਦਾਂ, ਝੋਟੇ ਤੇ ਊਠਾਂ ਨੂੰ ਖੇਤੀ ਦੇ ਕੰਮਾਂ ਲਈ ਵਰਤਿਆ ਜਾਂਦਾ ਸੀ ਕਈ ਦੇਸ਼ਾਂ ਵਿਚ ਘੋੜਿਆਂ ਤੋਂ ਕੰਮ ਲਿਆ ਜਾਂਦਾ ਸੀ । ਅੱਜ ਨਵੀਂ ਪੀੜੀ ਹੈਰਾਨ ਹੁੰਦੀ ਹੈ ਕਿ ਬਲਦਾਂ ਨਾਲ ਵੀ ਖੇਤੀ ਕਰੀ ਜਾਂਦੀ ਸੀ । ਬੁੱਢੇ ਤੇ ਹਾਰੇ ਹੋਏ ਬਲਦ ਨੂੰ ਢੱਗਾ ਆਖਿਆ ਜਾਂਦਾ ਸੀ । ਪੁਰਾਣੇ ਵੇਲਿਆਂ ਵਿਚ ਪੈਸਾ ਕਮਾਉਣਾ ਬਹੁਤ ਔਖਾ ਸੀ । ਗਰੀਬ ਕਿਸਾਨ ਦੇ ਵੱਸ ਦੀ ਗੱਲ ਨਹੀਂ ਸੀ ਥੋੜਿਆਂ ਪੈਸਿਆਂ ਨਾਲ ਵੱਡੀ ਉਮਰ ਦਾ ਸਸਤਾ ਬਲਦ ਖਰੀਦ ਕੇ ਆਪਣਾ ਡੰਗ ਟਪਾਉਂਦਾ ਸੀ । ਕਿਉਂਕਿ ਉਸ ਕੋਲ ਜ਼ਮੀਨ ਦੀ ਜੋੜ ਘੱਟ ਹੁੰਦੀ ਸੀ । ਉਸਦੇ ਢੱਗੇ ਨੂੰ ਵੇਖ ਕਈ ਕਿਸਾਨ ਮਖੌਲ ਕਰਦੇ ਸਨ । ਮਾੜਾ ਢੱਗਾ ਛੱਤੀ ਰੋਗ, ਅਜਿਹੇ ਬਲਦਾਂ ਨੂੰ ਚਿਚੜੀਆਂ ਹੀ ਹਰਾ ਦੇਂਦੀਆਂ ਸਨ । ਊਠ ਨੂੰ ਗੋਲ ਪੈਸੇ ਜਿੱਡੇ ਚਿੱਚੜ ਲੱਗਿਆ ਕਰਦੇ ਸਨ । ਕਿਹਾ ਜਾਂਦਾ ਸੀ ਕਿ ਊਠ ਨੂੰ ਪਾਂ ਜਾਂ ਚਿੱਚੜ ਹਰਾ ਦਿੰਦੇ ਸਨ । ਬੀਮਾਰ ਦਾ ਪਹਿਲਾ ਹੀ ਦੱਸ ਦਿੰਦੇ ਸਨ ਕਈ ਵਾਰ ਬਲਦਾਂ ਲਭਦਿਆਂ ਫਸਲ ਪਛੇਤ ਹੋ ਜਾਂਦੀ ਸੀ ਤੇ ਘਾਟਾ ਪੈਂਦਾ ਸੀ । ਮੰਗਵੇਂ ਬਲਦ ਨਾਲ ਹਾਲੀ ਵੀ ਬਦਲ ਹੋ ਜਾਂਦਾ ਸੀ । ਹਾਲੀ ਦਾ ਹਲ ਵਾਹੁਣ ਆਪੋ ਆਪਣਾ ਤਰੀਕਾ ਹੁੰਦਾ ਹੈ । ਕਈ ਵਾਰ ਬਿੜੀ ਵੀ ਕਰ ਲਈ ਜਾਂਦੀ ਸੀ । ਇਸ ਤਰ੍ਹਾਂ ਮਾੜੇ ਬਲਦਾਂ ਵਾਲੇ ਕਿਸਾਨਾਂ ਦੀ ਮਦਦ ਹੋ ਜਾਂਦੀ ਸੀ ਹਰੇਕ ਕਿਸਾਨ ਦਾ ਇਕ ਨਿਸ਼ਾਨਾ ਹੁੰਦਾ ਕਿ ਖੇਤੀ ਸੁਖੀ ਸਾਂਦੀ ਘਰ ਆ ਜਾਵੇ ਅਤੇ ਪਸ਼ੂਆਂ ਦੀ ਬਿੜੀ ਜ਼ਿਆਦਾ ਦੇਰ ਨਹੀਂ ਨਿਭਦੀ ਸੀ । ਕੰਮ ਦਾ ਕਸ ਹੋਣ ਕਰਕੇ ਹਰ ਇਕ ਕੰਮ ਲੇਟ ਹੋ ਜਾਂਦਾ ਸੀ । ਚੰਗੀ ਬਲਦਾਂ ਦੀ ਜੋੜੀ ਖੇਤੀ ਦੇ ਧੰਦੇ ਲਈ ਜ਼ਿਆਦਾ ਲਾਹੇਵੰਦ ਹੋ ਨਿਬੜਦੀ । ਸਿਆਣਿਆਂ ਨੇ ਕਿਹਾ ਸੀ ਕਿ ਖੇਤੀ ਹੁੰਦੀ ਅੱਗੇ, ਜੇ ਹੋਣ ਚੰਗੇ ਢੱਗੇ । ਖੇਤੀ ਦਾ ਧੰਦਾ ਤਕੜੇ ਪਸ਼ੂ ਹੀ ਕਰ ਸਕਦੇ ਹਨ ।



**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ, ਤਹਿ. ਜ਼ੀਰਾ, ਜ਼ਿਲਾ ਫਿਰੋਜ਼ਪੁਰ-152028 (ਮੋ: 7814490249)**

# ਪੰਜਾਬ ਦਾ ਪਾਣੀ ਬਚਾਉਣ ਲਈ ਪ੍ਰੋ. ਸੁਮੇਰ ਸੀੜਾ ਵੱਲੋਂ ਆਪਣੀ 26 ਏਕੜ ਜ਼ਮੀਨ 'ਤੇ ਝੋਨਾ ਨਾ ਲਗਾਉਣ ਦਾ ਐਲਾਨ

## ਕਿਹਾ - ਸਮਰੱਥ ਪਰਿਵਾਰ ਥੋੜ੍ਹੀ - ਬਹੁਤ ਜ਼ਮੀਨ 'ਤੇ ਬਦਲਵੀਂ ਖੇਤੀ ਨੂੰ ਦੇਣ ਪਹਿਲ

ਜ਼ਮੀਨੀ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਲਈ ਉੱਘੇ ਸਮਾਜ-ਸੇਵਕ ਅਤੇ ਹਮੇਸ਼ਾਂ ਕੁਦਰਤ ਨੂੰ ਬਚਾਉਣ ਦੀ ਲੜਾਈ ਲੜਨ ਵਾਲੇ ਵਾਤਾਵਰਣ ਪ੍ਰੇਮੀ ਪ੍ਰੋ. ਸੁਮੇਰ ਸਿੰਘ ਸੀੜਾ ਇਕ ਵਾਰ ਫਿਰ ਤੋਂ ਅੱਗੇ ਆਏ ਹਨ। ਉਨ੍ਹਾਂ ਨੇ ਆਪਣੀ 26 ਏਕੜ ਜ਼ਮੀਨ 'ਚ ਝੋਨਾ ਨਾ ਲਗਾਉਣ ਦਾ ਐਲਾਨ ਕੀਤਾ ਹੈ। ਪ੍ਰੋ. ਸੀੜਾ ਨੂੰ ਇਸ ਦੇ ਭਾਵੇਂ ਕਿ ਆਰਥਿਕ ਤੌਰ 'ਤੇ ਖਾਮਿਆਜ਼ਾ ਭੁਗਤਣਾ ਪੈ ਰਿਹਾ ਹੈ ਅਤੇ ਕੋਈ ਵੀ ਕਿਸਾਨ ਉਨ੍ਹਾਂ ਦੀ ਜ਼ਮੀਨ ਠੇਕੇ ਕੇ ਲੈਣ ਨੂੰ ਤਿਆਰ ਹੈ ਪਰ ਉਨ੍ਹਾਂ ਠੇਕੇਦਾਰ ਨੂੰ ਪੈਸੇ ਹੀ ਵਾਪਸ ਕਰ ਦਿੱਤੇ ਹਨ।

ਪ੍ਰੋ. ਸੁਮੇਰ ਸਿੰਘ ਸੀੜਾ ਨੇ ਬਾਕੀ ਸਮਰੱਥ ਪਰਵਾਰਾਂ ਨੂੰ ਅਪੀਲ ਕੀਤੀ ਕਿ ਆਪਣੀ ਜ਼ਮੀਨ ਦਾ ਥੋੜਾ ਬਹੁਤ ਹਿੱਸਾ ਅਜਿਹੇ ਰੱਖਣ, ਜਿੱਥੇ ਝੋਨੇ ਦੀ ਬਜਾਏ ਕੋਈ ਬਦਲਵੀਂ ਫਸਲ ਬੀਜੀ ਜਾਵੇ। ਉਨ੍ਹਾਂ ਮੱਕੀ ਲਗਾਉਣ ਤੋਂ ਵੀ ਪ੍ਰਹੇਜ ਕਰਨ ਲਈ ਕਿਹਾ ਅਤੇ ਮਈ ਅਤੇ ਜੂਨ 'ਚ ਖੇਤ ਖਾਲੀ ਰਹਿਣ ਅਤੇ ਮੀਂਹ ਦਾ ਸਾਈਕਲ ਠੀਕ ਰਹਿ ਸਕੇ। ਪ੍ਰੋ. ਸੀੜਾ ਨੇ ਕਿਹਾ ਕਿ ਉਹ ਝੋਨੇ ਦੀ ਥਾਂ 'ਤੇ ਹਰ ਰਵਾਇਤੀ ਜਾਂ ਫਿਰ ਪਾਣੀ ਘੱਟ ਖਪਤ ਵਾਲੀਆਂ ਫਸਲਾਂ ਲਗਾਉਣਗੇ ਅਤੇ ਲੋਕਾਂ ਨੂੰ ਵੀ ਇਸ ਦੇ ਲਈ ਪ੍ਰੇਰਿਤ ਕਰਨਗੇ।

ਪ੍ਰੋ. ਸੀੜਾ ਨੇ ਕਿਹਾ ਕਿ ਕਿਸੇ ਨੂੰ ਤਾਂ ਇਹ ਪਹਿਲ ਕਰਨੀ ਪਵੇਗੀ, ਹਾਲਾਂਕਿ ਮੇਰੇ ਇਕੱਲੇ ਨਾਲ ਭਾਵੇਂ ਜ਼ਿਆਦਾ ਫਰਕ ਨਾ ਪਵੇ ਤਾਂ ਮੈਂ ਆਪਣਾ ਫਰਜ਼ ਜ਼ਰੂਰ ਨਿਭਾਵਾਂਗਾਂ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਅਤੇ ਸਾਫ ਪਾਣੀ ਜ਼ਰੂਰ ਦੇ ਕੇ ਜਾਣ 'ਚ ਆਪਣਾ ਬਣਦਾ ਯੋਗਦਾਨ ਪਾਵਾਂਗਾ। ਹੁਣ ਉਨ੍ਹਾਂ ਨੇ ਆਪਣੀ ਨਿੱਜੀ 26 ਏਕੜ ਜ਼ਮੀਨ 'ਚ ਝੋਨਾ ਨਾ ਲਗਾਉਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਅੱਜ ਪੰਜਾਬ ਬੰਜਰ ਬਨਦਾ ਜਾ ਰਿਹਾ ਹੈ। ਧਰਤੀ 'ਚ ਨਮੀ ਦੀ ਮਾਤਰਾ ਘਟਣ ਕਾਰਨ ਅੱਜ ਦਰੱਖਤ ਵੀ ਨਹੀਂ ਹੋ ਰਹੇ ਅਤੇ ਪੰਜਾਬ ਕੈਂਸਰ ਅਤੇ ਹੋਰ ਭਿਆਨਕ ਬੀਮਾਰੀਆਂ ਦਾ ਘਰ ਬਣ ਚੁੱਕਿਆ ਹੈ। ਕਦੇ ਸਾਡਾ ਪੰਜਾਬ ਸਭ ਤੋਂ ਜ਼ਿਆਦਾ ਖੁਸ਼ਹਾਲ ਹੁੰਦਾ ਸੀ। ਪੂਰੀ ਦੁਨੀਆਂ 'ਚ ਆਪਣੀ ਤੰਦਰੁਸਤੀ ਲਈ ਜਾਣਿਆ ਜਾਂਦਾ ਸੀ ਪਰ ਅੱਜ ਬੀਮਾਰੀ ਦਾ ਘਰ ਬਣ ਗਿਆ ਹੈ ਅਤੇ ਪੰਜਾਬ 'ਚੋਂ ਕੈਂਸਰਾਂ ਟਰੇਨਾਂ ਤੱਕ ਚੱਲਣ ਲੱਗ ਗਈਆਂ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਪੰਜਾਬ ਨੂੰ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਰਕਬੇ ਤੱਕ ਨਹਿਰੀ ਪਾਣੀ ਪਹੁੰਚਦਾ ਕਰਨ ਤਾਂ ਕਿ ਖੇਤੀ ਕਰਨ ਲਈ ਨਹਿਰੀ ਪਾਣੀ ਦਾ ਉਪਯੋਗ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਝੋਨੇ ਦੀ ਥਾਂ 'ਤੇ ਹੋਰ ਫਸਲਾਂ ਨੂੰ ਤਰਜ਼ੀਹ ਦੇਵਾਂਗੇ ਤਾਂ ਪਾਣੀ ਦੀ ਰੀ-ਚਾਰਜਿੰਗ ਵਧੇਗੀ ਅਤੇ ਪਾਣੀ ਦਾ ਪੱਧਰ ਵੀ ਉੱਪਰ ਆਵੇਗਾ ਅਤੇ ਹੜ੍ਹਾਂ ਦੀ ਮਾਰ ਤੋਂ ਵੀ ਬਚਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਵਾਤਾਵਰਣ ਨੂੰ ਲੈ ਕੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਪਾਣੀ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹੁਣ ਝੋਨੇ ਲਗਾਉਣ ਦੀ ਬਜਾਏ ਹੋਰ ਫਸਲਾਂ ਨੂੰ ਤਰਜੀਹ ਦੇਣ ਲਈ ਜਾਗਰੂਮ ਕਰਨਾ ਸ਼ੁਰੂ ਕਰਨਗੇ।

# 15 ਗਾਂਵਾਂ ਤੋਂ ਸ਼ੁਰੂ ਕੀਤਾ ਡੇਅਰੀ ਫਾਰਮ, ਅੱਜ 80 ਗਾਂਵਾਂ, ਲੱਖਾਂ ਦਾ ਕਰ ਰਹੇ ਦੁੱਧ ਉਤਪਾਦਨ

ਕਿਸਾਨਾਂ ਨੂੰ ਰਵਾਇਤੀ ਖੇਤੀ ਦੇ ਨਾਲ-ਨਾਲ ਸਹਾਇਕ ਧੰਦੇ ਅਪਨਾਉਣ ਲਈ ਲਗਾਤਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਸੂਬੇ ਦੇ ਵਧੇਰੇ ਕਿਸਾਨ ਸਹਾਇਕ ਧੰਦੇ ਨੂੰ ਅਪਨਾ ਕੇ ਚੰਗੀ ਕਮਾਈ ਕਰ ਰਹੇ ਹਨ। ਮਲੋਟ ਦੇ ਪਿੰਡ ਅਬੁਲ ਖੁਰਾਣਾ ਦੇ ਮਨਪ੍ਰੀਤ ਸਿੰਘ ਅਜਿਹੇ ਹੀ ਕਿਸਾਨ ਹਨ। ਜਿਨ੍ਹਾਂ ਨੇ ਖੇਤੀਬਾੜੀ ਦੌਰਾਨ ਰਵਾਇਤੀ ਫ਼ਸਲਾਂ ਦੇ ਨਾਲ-ਨਾਲ ਅਲੱਗ ਤੋਂ ਡੇਅਰੀ ਫਾਰਮ ਦਾ ਕੰਮ ਸ਼ੁਰੂ ਕੀਤਾ। ਡੇਅਰੀ ਫਾਰਮ ਨੂੰ ਪਹਿਲਾਂ 15 ਦੁਧਾਰੂ ਗਾਂਵਾਂ ਤੋਂ ਸ਼ੁਰੂ ਕੀਤਾ। ਪਰੰਤੂ ਅੱਜ ਫਾਰਮ ਵਿੱਚ ਕਰੀਬ 80 ਗਾਂਵਾਂ ਤੋਂ ਲੱਖਾਂ ਦਾ ਦੁੱਧ ਉਤਪਾਦ ਕਰ ਰਹੇ ਹਨ। ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਖੇਤੀਬਾੜੀ ਦੇ ਨਾਲ ਸਹਾਇਕ ਧੰਦੇ ਵਜੋਂ ਡੇਅਰੀ ਫਾਰਮ ਦਾ ਕੰਮ ਅਪਨਾਇਆ। ਸ਼ੁਰੂਆਤ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। 2017 ਵਿੱਚ ਕਰੀਬ 15 ਲੱਖ ਦੀ ਲਾਗਤ ਨਾਲ ਸ਼ੁਰੂ ਕੀਤਾ ਡੇਅਰੀ ਫਾਰਮ 2019 ਵਿੱਚ ਬੰਦ ਹੋਣ ਦੇ ਕਗਾਰ 'ਤੇ ਪਹੁੰਚ ਗਿਆ ਹੈ। ਪਰੰਤੂ ਹਾਰ ਨਹੀਂ ਮੰਨੀ। ਪਹਿਲਾਂ ਵਾਲੀਆਂ ਗਲਤੀਆਂ ਤੋਂ ਸਬਕ ਲੈ ਕੇ ਅੱਗੇ ਵਧੇ। ਅੱਜ 80 ਤੋਂ ਜ਼ਿਆਦਾ ਐਫ. ਐਫ. ਅਮਰੀਕਨ ਨਸਲ ਦੀਆਂ ਗਾਂਵਾਂ ਹਨ। ਦੁੱਧ ਰੱਖਣ ਲਈ ਚੀਲਿੰਗ ਪਲਾਂਟ ਬਣਾਇਆ ਹੈ। ਪਸ਼ੂਆਂ ਦੇ ਲਈ ਇੱਕ ਏਕੜ ਵਿੱਚ 120 ਚੌੜਾਈ ਅਤੇ 130 ਫੁੱਟ ਲੰਬਾ ਸ਼ੈਡ ਬਣਾਇਆ ਹੈ, ਜਿਸ ਵਿੱਚ ਪਸ਼ੂਆਂ ਲਈ ਪੱਖੇ, ਮੈਟ ਅਤੇ ਫੁਹਾਰੇ ਲਗਾਏ ਹਨ। ਦੁੱਧ ਦੇ ਜ਼ਿਆਦਾ ਉਤਪਾਦਨ ਦੇ ਚੱਲਦਿਆਂ ਨੈਸਲੇ ਕੰਪਨੀ ਨੇ ਦੁੱਧ ਨੂੰ ਠੰਡਾ ਰੱਖਣ ਲਈ 2300 ਲੀਟਰ ਦਾ ਇੱਕ ਚਿਲਿੰਗ ਪਲਾਂਟ ਵੀ ਲਗਵਾਇਆ ਹੈ।

ਮਨਪ੍ਰੀਤ ਸਿੰਘ ਨੇ ਦੱਸਿਆ ਕਿ ਡੇਅਰੀ ਫਾਰਮ ਦਾ ਧੰਦਾ ਖੇਤੀਬਾੜੀ ਤੋਂ ਵੱਧ ਆਮਦਨ ਵਾਲਾ ਧੰਦਾ ਹੈ। ਉਹ ਨਾਲ-ਨਾਲ ਆਪਣੀ 13 ਏਕੜ ਖੁਦ ਦੀ ਜ਼ਮੀਨ 'ਤੇ ਰਵਾਇਤੀ ਫ਼ਸਲਾਂ ਦੀ ਖੇਤੀ ਵੀ ਕਰਦੇ ਹਨ ਅਤੇ ਨਾਲ-ਨਾਲ ਡੇਅਰੀ ਫਾਰਮ ਵੀ। ਉਨ੍ਹਾਂ ਦੱਸਿਆ ਕਿ ਪਸ਼ੂਆਂ ਲਈ ਚਾਰਾ, ਫੀਡ ਆਦਿ ਦੇ ਨਾਲ-ਨਾਲ ਹੋਰ ਖਰਚੇ ਨਿਕਾਲ ਕੇ 9 ਲੱਖ ਦਾ ਦੁੱਧ ਹਰੇਕ ਮਹੀਨੇ ਨੈਸਲੇ ਡੇਅਰੀ ਨੂੰ ਵੇਚਦੇ ਹਨ। ਇਸ ਤੋਂ ਉਨ੍ਹਾਂ ਨੂੰ 35 ਤੋਂ 40 ਪ੍ਰਤੀਸ਼ਤ ਦੀ ਬੱਚਤ ਹੋ ਰਹੀ ਹੈ। ਸਰਦੀ ਦੇ ਮੌਸਮ ਵਿੱਚ ਦੁੱਧ ਦੇ ਉਤਪਾਦਨ ਦੇ ਨਾਲ ਹਰੇਕ ਮਹੀਨੇ 9 ਤੋਂ ਵੱਧ ਕੇ 10 ਲੱਖ ਹੋ ਜਾਂਦਾ ਹੈ। ਪਸ਼ੂਆਂ ਦੇ ਗੋਬਰ ਨਾਲ ਗੈਸ ਪਲਾਂਟ ਵੀ ਲਗਾਇਆ ਹੈ।



# ਨਰਮੇ ਦੇ ਰਸ ਚੂਸਣ ਵਾਲੇ ਕੀੜਿਆਂ ਦੀ ਸਰਵਪੱਖੀ ਰੋਕਥਾਮ

ਕਮਲਜੀਤ ਸਿੰਘ ਮਠਾੜੂ ਅਤੇ ਗੁਰਮੇਲ ਸਿੰਘ ਸੰਧੂ, ਕ੍ਰਿਸ਼ੀ ਵਿਗਿਆਨ ਕੇਂਦਰ, ਫਰੀਦਕੋਟ (ਮੋ. 98882-05158)

**ਬੀ. ਟੀ. ਨਰਮੇ ਦੀ ਕਾਸ਼ਤ ਦੇ ਬਾਵਜੂਦ, ਫਸਲ ਦੀ ਉਤਪਾਦਕਤਾ ਰਸ ਚੂਸਣ ਵਾਲੇ ਕੀੜਿਆਂ ਦੇ ਹਮਲੇ ਕਾਰਨ ਘੱਟ ਰਹੀ ਹੈ। ਇਸ ਲਈ ਨਰਮੇ ਵਿਚ ਰਸ ਚੂਸਣ ਵਾਲੇ ਕੀੜਿਆਂ ਦੀ ਢੁੱਕਵੀਂ ਰੋਕਥਾਮ ਕਰਨੀ ਜ਼ਰੂਰੀ ਹੈ। ਇਸ ਲੇਖ ਵਿਚ ਅਸੀਂ ਰਸ ਚੂਸਣ ਵਾਲੇ ਕੀੜਿਆਂ ਦੇ ਰੋਕਥਾਮ ਦੇ ਨੁਕਤੇ ਸਾਂਝੇ ਕੀਤੇ ਹਨ ਤਾਂ ਜੋ ਫਸਲ ਦਾ ਵਧੇਰੇ ਝਾੜ ਲਿਆ ਜਾ ਸਕੇ।**



**1. ਭੂਰੀ ਜੂੰ** : ਇਹ ਕੀੜਾ ਫਸਲ ਦੇ ਸ਼ੁਰੂਆਤੀ ਪੜਾਅ ਵਿਚ ਹਮਲਾ ਕਰਦਾ ਹੈ। ਇਸ ਦੇ ਬੱਚੇ ਘਸਮੈਲੇ ਤੋਂ ਪੀਲੇ ਰੰਗ ਤੇ ਹੁੰਦੇ ਹਨ ਜਦਕਿ ਬਾਲਗ ਪੀਲੇ-ਭੂਰੇ, ਜੂੰਆਂ ਵਰਗੇ ਅਤੇ 1 ਮਿਲੀਮੀਟਰ ਦੀ ਲੰਬਾਈ ਵਾਲੇ ਹੁੰਦੇ ਹਨ। ਬੱਚੇ ਅਤੇ ਬਾਲਗ ਪਹਿਲਾਂ ਪੱਤੇ ਦੀ ਉੱਪਰਲੀ ਸਤਿਹ ਨੂੰ ਖੁਰਚਦੇ ਹਨ ਅਤੇ ਬਾਅਦ ਵਿਚ ਪੱਤੇ ਵਿੱਚੋਂ ਨਿਕਲ ਰਹੇ ਰਸ ਨੂੰ ਚੂਸਦੇ ਹਨ। ਸ਼ੁਰੂਆਤੀ ਅਵਸਥਾ ਵਿਚ ਪੱਤੇ ਦੀ ਵਿਚਕਾਰਲੀ ਨਾਲ ਅਤੇ ਬਾਕੀ ਨਾੜੀਆਂ ਦੁਆਲੇ ਚਮਕੀਲੀ ਧਾਰੀਆਂ ਦਿਖਾਈ ਦਿੰਦੀਆਂ ਹਨ। ਬਾਅਦ ਵਿਚ ਇਹ ਧਾਰੀਆਂ ਸਾਰੇ ਪੱਤੇ ਪੈ ਜਾਂਦੀਆਂ ਹਨ, ਜਿਸ ਕਾਰਨ ਪੱਤੇ ਮੁੜਨੇ ਸ਼ੁਰੂ ਹੋ ਜਾਂਦੇ ਹਨ।

**2. ਤੇਲਾ** : ਇਸ ਕੀੜੇ ਦੇ ਬੱਚੇ ਅਤੇ ਬਾਲਗ ਦੋਵੇਂ ਫਸਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਦੇ ਬੱਚੇ ਫਿੱਕੇ ਪੀਲੇ ਰੰਗ ਦੇ ਹੁੰਦੇ ਹਨ ਜਦਕਿ ਬਾਲਗ ਫਿੱਕੇ ਹਰੇ ਰੰਗ ਦੇ ਨਜ਼ਰ ਆਉਂਦੇ ਹਨ। ਬੱਚੇ ਅਤੇ ਬਾਲਗ ਦੋਵੇਂ ਪੱਤਿਆਂ ਦਾ ਰਸ ਚੂਸਦੇ ਹਨ।

**3. ਚਿੱਟੀ ਮੱਖੀ** : ਚਿੱਟੀ ਮੱਖੀ ਨਰਮੇ ਵਿਚ ਪੱਤਾ-ਮਰੋੜ (ਲੀਫ ਕਰਲ) ਬੀਮਾਰੀ ਵੀ ਫੈਲਾਉਂਦੀ ਹੈ। ਕੀਟਨਾਸ਼ਕ ਦੇ ਛਿੜਕਾਅ ਬਾਰੇ ਫੈਸਲਾ ਆਰਥਿਕ ਕਗਾਰ (ਈ ਟੀ ਐਲ) ਦੇ ਅਧਾਰ ਤੇ ਲਿਆ ਜਾਣਾ ਚਾਹੀਦਾ ਹੈ।

**4. ਮਿਲੀਬੱਗ** : ਇਸਦੇ ਬੱਚੇ ਅਤੇ ਬਾਲਗ ਮੋਮ ਵਰਗੇ ਚਿੱਟੇ ਰੰਗ ਦੇ ਵਿਖਾਈ ਦਿੰਦੇ ਹਨ। ਬੱਚੇ ਅਤੇ ਬਾਲਗ ਕੀੜੇ ਪੱਤਿਆਂ, ਟਹਿਣੀਆਂ, ਡੋਡੀਆਂ ਅਤੇ ਤਣੇ ਦੇ ਨਰਮ ਹਿੱਸੇ ਤੋਂ ਰਸ ਚੂਸਦੇ ਹਨ। ਜ਼ਿਆਦਾ ਹਮਲੇ ਦੀ ਸੂਰਤ ਵਿਚ ਪੱਤਿਆਂ, ਫੁੱਲਾਂ, ਡੋਡੀਆਂ ਅਤੇ ਟੀਡਿਆਂ ਤੇ ਕਾਲੀ ਉੱਲੀ ਜੰਮ ਜਾਂਦੀ ਹੈ। ਪੱਤੇ ਡਿੱਗ ਜਾਂਦੇ ਹਨ ਅਤੇ ਬੂਟੇ ਦਾ ਵਾਧਾ ਰੁਕ ਜਾਂਦਾ ਹੈ।

**5. ਚੇਪਾ (ਏਫਿਡ)** : ਇਸ ਕੀੜੇ ਦਾ ਹਮਲਾ ਕਿਸੇ-ਕਿਸੇ ਸਾਲ ਦਿਖਾਈ ਦਿੰਦਾ ਹੈ। ਬੱਚੇ, ਪੀਲੇ ਜਾਂ ਭੂਰੇ ਰੰਗ ਦੇ ਹੁੰਦੇ ਹਨ, ਜਦਕਿ ਬਾਲਗ ਪੀਲੇ-ਭੂਰੇ ਤੋਂ ਕਾਲੇ ਰੰਗ ਹਨ। ਬੱਚੇ ਅਤੇ ਬਾਲਗ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ।

**ਸਾਰਣੀ 1 : ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਕੀਟਨਾਸ਼ਕ**

| ਕੀੜਾ | ਕੀਟਨਾਸ਼ਕ | ਮਾਰਕਾ | ਮਾਤਰਾ/ਏਕੜ |
|---|---|---|---|
| ਭੂਰੀ ਜੂੰ (ਥਰਿਪਸ) | ਸਪਾਈਨੇਟਰਮ | ਡੈਲੀਕੇਟ 11.7 ਐਸ ਸੀ | 170 ਮਿ. ਲੀ. |
| | ਪ੍ਰੋਫੈਨੋਫਾਸ | ਕਿਊਰਾਕਰੋਨ/ਸੈਲਕਰੋਨ 50 ਈ ਸੀ | 500 ਮਿ. ਲੀ. |
| | ਡਾਇਆਫੈਨਥੂਯੂਰੋਨ | ਪੋਲੋ 50 ਡਬਲਯੂ ਪੀ | 200 ਗ੍ਰਾਮ |
| ਤੇਲਾ | ਟੋਲਫੈਨਪਾਇਰੈਡ | ਕੀਫਨ 15 ਈ ਸੀ | 300 ਮਿ. ਲੀ. |
| | ਡਾਇਨੋਟੈਫੂਰਾਨ | ਓਸ਼ੀਨ 20 ਐਸ ਜੀ | 60 ਗ੍ਰਾਮ |
| | ਫੈਨਪਾਇਰੋਕਸੀਮੇਟ | ਨਿਓਨ 5 ਈ ਸੀ | 300 ਮਿ. ਲੀ. |
| | ਫਲੋਨਿਕਾਮਿਡ | ਉਲਾਲਾ 50 ਡਬਲਯੂ ਜੀ | 80 ਗ੍ਰਾਮ |
| | ਥਾਇਆਮੀਥਾਕਸਮ | ਐਕਟਾਰਾ/ਐਕਸਟਰਾ ਸੁਪਰ/ਦੋਤਾਰਾ/ਥੋਮਸਨ 25 ਡਬਲਯੂ ਜੀ | 40 ਗ੍ਰਾਮ |
| ਚਿੱਟੀ ਮੱਖੀ | ਪਾਇਰੀਫਲੂਕੀਨਾਜ਼ੋਨ | ਕਲਾਸਟੋ 20 ਡਬਲਯੂ ਜੀ | 200 ਗ੍ਰਾਮ |
| | ਅਫਿਡੋਪਾਇਰੋਪਿਨ | ਸਫੀਨਾ 50 ਡੀ ਸੀ | 400 ਮਿ. ਲੀ. |
| | ਡਾਇਨੋਟੈਫੂਰਾਨ | ਓਸ਼ੀਨ 20 ਐਸ ਜੀ | 60 ਗ੍ਰਾਮ |
| | ਡਾਇਆਫੈਨਥੂਯੂਰੋਨ | ਪੋਲੋ/ਕਰੇਜ਼/ਰੂਬੀ/ਲੂਡੋ/ਸ਼ੋਮੂ 50 ਡਬਲਯੂ ਪੀ | 200 ਗ੍ਰਾਮ |
| | ਪਾਈਰੀਪਰੋਸੀਫਿਨ | ਲੈਨੋ/ਡੈਟਾ 10 ਈ ਸੀ | 500 ਮਿ. ਲੀ. |
| | ਸਪੈਰੋਮੈਸੀਫਿਨ | ਓਬਰੇਨ/ਵੋਲਟੇਜ਼ 22.9 ਐਸ ਸੀ | 200 ਮਿ. ਲੀ. |
| | ਫਲੋਨਿਕਾਮਿਡ | ਉਲਾਲਾ 60 ਡਬਲਯੂ ਜੀ | 80 ਗ੍ਰਾਮ |
| | ਕਲੋਥੀਅਨਡਿਨ | ਡੈਂਟੋਟਸੂ 50 ਡਬਲਯੂ ਜੀ | 20 ਗ੍ਰਾਮ |
| | ਈਥੀਆਨ | ਫੋਸਮਾਈਟ/ਈ-ਮਾਈਟ/ਵੋਲਥੀਆਨ/ਗੋਲਡ ਮਿਟ 50 ਈ ਸੀ | 800 ਮਿ. ਲੀ. |
| | ਨਿੰਮ ਅਧਾਰਿਤ ਕੀਟਨਾਸ਼ਕ | ਨਿੰਬੀਸੀਡੀਨ ਜਾਂ ਅਚੂਕ | 1.0 ਲਿਟਰ |
| | ਪੀ ਏ ਯੂ ਨਿੰਮ ਦਾ ਘੋਲ | --- | 1200 ਮਿ. ਲੀ. |
| ਮੀਲੀਬੱਗ | ਸਲਫੋਕਸਾਫਲੋਰ | ਟਰਾਂਸਫੋਰਮ 21.8 ਐਸ ਸੀ | 150 ਮਿ. ਲੀ. |
| ਚੇਪੇ (ਏਫਿਡ) ਤੇਲੇ ਦੀ ਰੋਕਥਾਮ ਵਾਲੀਆਂ ਕੀਟਨਾਸ਼ਕਾਂ ਵਿੱਚੋਂ ਕਿਸੇ ਵੀ ਕੀਟਨਾਸ਼ਕ ਦੀ ਵਰਤੋਂ ਕਰੋ। | | | |

# ਸੋਕੇ ਵਾਲੇ ਇਲਾਕਿਆਂ 'ਚ ਮੀਂਹ, ਮੀਂਹ ਵਾਲੇ ਇਲਾਕਿਆਂ 'ਚ ਸੋਕਾ, ਵਧਦੀਆਂ ਔਕੜਾਂ

**ਪੂਨਮ ਆਈ. ਕੌਸ਼ਿਸ਼**

ਪਿਛਲੇ ਹਫਤੇ ਜਦੋਂ ਲੋਕ ਉੱਠੇ ਤਾਂ ਦੇਸ਼ ਦੀ ਰਾਜਧਾਨੀ ਦਿੱਲੀ 'ਚ ਮੋਹਲੇਧਾਰ ਮੀਂਹ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਹ ਮੀਂਹ ਇੰਨਾ ਭਿਆਨਕ ਸੀ ਕਿ ਸਾਰੀਆਂ ਸੜਕਾਂ 'ਤੇ ਲੱਕ ਤੱਕ ਪਾਣੀ ਭਰ ਗਿਆ, ਨਾਲ ਹੀ ਸੀਵਰੇਜ ਦਾ ਪਾਣੀ ਵੀ ਲੋਕਾਂ ਦੇ ਘਰਾਂ 'ਚ ਵੜਨ ਲੱਗਾ। ਲੋਕਾਂ ਦੀਆਂ ਗੱਡੀਆਂ ਖਰਾਬ ਹੋ ਗਈਆਂ, ਕੁੱਝ ਗੱਡੀਆਂ ਤਸਲਾ 'ਚ ਬੱਤਖ ਵਾਂਗ ਤੈਰਨ ਲੱਗੀਆਂ, ਲੋਕਾਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ।

ਸਾਡੇ ਸਿਆਸਤਦਾਨਾਂ ਨੇ ਸਰਸਰੀ ਤੌਰ 'ਤੇ ਰਸਮੀ ਜਿਹੀ ਸਿਆਸੀ ਸਰਕਸ ਦੀ ਆਪਣੀ ਭੂਮਿਕਾ ਨਿਭਾਈ ਕਿਉਂਕਿ ਉਹ ਸੰਸਦ 'ਚ ਸਰਕਾਰ ਅਤੇ ਵਿਰੋਧੀ ਧਿਰ ਦੇ ਦਰਮਿਆਨ ਜਾਰੀ ਤੂੰ-ਤੂੰ, ਮੈਂ-ਮੈਂ 'ਚ ਵਧੇਰੇ ਰੁੱਝੇ ਸਨ। ਦਿੱਲੀ 'ਚ ਉਪ



ਰਾਜਪਾਲ ਨੇ ਅਧਿਕਾਰੀਆਂ ਦੇ ਦਲ-ਬਲ ਨਾਲ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ, ਸਥਿਤੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਸਮੱਸਿਆ ਨੂੰ ਦੂਰ ਕਰਨ ਦਾ ਹੁਕਮ ਦਿੱਤਾ।

ਫੋਟੋਗ੍ਰਾਫਰਾਂ ਨੇ ਇਸ ਦੌਰੇ ਦੀਆਂ ਫੋਟੋਆਂ ਖਿੱਚੀਆਂ। ਇਸ ਦੇ ਇਲਾਵਾ ਇਕ ਆਫਤ ਪ੍ਰਬੰਧਨ ਬੋਰਡ ਦਾ ਗਠਨ ਕੀਤਾ ਗਿਆ। ਹਰ ਕਿਸੇ ਨੇ ਆਪਣੇ ਵਿਚਾਰ ਅਤੇ ਉਪਾਅ ਦੱਸੇ ਅਤੇ ਮੋਹਲੇਧਾਰ ਮੀਂਹ ਦਰਮਿਆਨ ਪਾਣੀ ਭਰ ਜਾਣ ਤੇ ਚਰਚਾ ਹੋਈ ਤੇ ਹਰ ਕੋਈ ਇਸ ਗੱਲ ਤੋਂ ਸੰਤੁਸ਼ਟ ਸੀ ਕਿ ਉਨ੍ਹਾਂ ਨੇ ਆਪਣਾ ਫਰਜ਼ ਨਿਭਾਅ ਦਿੱਤਾ ਹੈ।

ਸਿਰਫ ਦਿੱਲੀ ਹੀ ਨਹੀਂ, ਪੂਰੇ ਦੇਸ਼ 'ਚ ਇਹੀ ਕਹਾਣੀ ਹੈ। ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਪਾਣੀ ਭਰਨ ਦੀਆਂ ਖਬਰਾਂ ਮਿਲ ਰਹੀਆਂ ਹਨ। ਪੰਜਾਬ 'ਚ ਹੜ੍ਹ ਦੀ ਸਥਿਤੀ ਬਣੀ ਹੋਈ ਹੈ। ਕਈ ਇਲਾਕੇ ਪਾਣੀ 'ਚ ਡੁੱਬ ਗਏ ਹਨ। ਸ਼ਾਇਦ ਇੱਥੋਂ ਤੱਕ ਕਿ ਇਕ ਵਧੀਆ ਯੋਜਨਾ ਨਾਲ ਬਣਾਏ ਗਏ ਸ਼ਹਿਰ ਚੰਡੀਗੜ੍ਹ 'ਚ ਟ੍ਰੈਫਿਕ ਜਾਮ ਲੱਗ ਗਿਆ ਅਤੇ ਪਾਣੀ ਦੀ ਸਪਲਾਈ ਪ੍ਰਭਾਵਿਤ ਹੋਈ।

ਪਿਛਲੇ ਸਾਲ ਸੁਖਨਾ ਝੀਲ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਉੱਪਰ ਪਹੁੰਚਣ ਦੇ ਬਾਅਦ ਉਸ ਦੇ ਫਲੱਡ ਗੇਟ ਖੋਲ੍ਹੇ ਗਏ ਸਨ। ਰਾਜਸਥਾਨ ਸੋਕੇ ਵਾਲੇ ਇਲਾਕੇ 'ਚ ਆਉਂਦਾ ਹੈ ਅਤੇ ਉਸ ਦੇ ਚਾਰ ਜ਼ਿਲ੍ਹਿਆਂ 'ਚ ਭਾਰੀ ਮੀਂਹ ਪੈ ਰਿਹਾ ਹੈ। ਤਾਮਿਲਨਾਡੂ, ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ 'ਚ ਭਾਰੀ ਮੀਂਹ ਪੈ ਰਿਹਾ ਹੈ।

ਕੁੱਲ ਮਿਲਾ ਕੇ ਦੇਸ਼ ਦੇ ਸੁੱਕੇ ਖੇਤਰਾਂ 'ਚ ਵੱਧ ਮੀਂਹ ਪੈ ਰਿਹਾ ਹੈ ਅਤੇ ਖੇਤੀ ਵਾਲੇ ਇਲਾਕਿਆਂ 'ਚ ਜਿੱਥੇ ਆਮ ਤੌਰ 'ਤੇ ਵੱਧ ਮੀਂਹ ਪੈਂਦਾ ਹੈ, ਉੱਥੇ ਘੱਟ ਮੀਂਹ ਪੈ ਰਿਹਾ ਹੈ। ਮੀਂਹ ਦਾ ਪੈਣਾ ਵੀ ਇਕਸਾਰ ਨਹੀਂ ਹੈ। ਦੇਸ਼ 'ਚ ਸਾਲ 'ਚ 318 ਦਿਨ ਅਜੀਬ ਮੌਸਮ ਵਾਲੀ ਸਥਿਤੀ ਬਣੀ, ਜਿਸ ਕਾਰਨ 3287 ਵਿਅਕਤੀਆਂ ਦੀ ਮੌਤ ਹੋਈ। 1,24,000 ਪਸ਼ੂਆਂ ਦੀ ਮੌਤ ਹੋਈ ਅਤੇ 22 ਲੱਖ 10 ਹਜ਼ਾਰ ਹੈਕਟੇਅਰ ਖੇਤਰ 'ਚ ਫਸਲ ਬਰਬਾਦ ਹੋਈ। ਪਿਛਲੇ ਸਾਲ ਅਗਸਤ 100 ਸਾਲਾਂ 'ਚ ਸਭ ਤੋਂ ਖੁਸ਼ਕ ਮਹੀਨਾ ਰਿਹਾ ਅਤੇ ਇਸ ਤਰ੍ਹਾਂ 36 ਫੀਸਦੀ ਘੱਟ ਮੀਂਹ ਪਿਆ। ਮਈ 'ਚ ਉੱਤਰ ਭਾਰਤ 'ਚ ਭਿਆਨਕ ਗਰਮੀ ਦਾ ਪ੍ਰਕੋਪ ਰਿਹਾ ਅਤੇ ਲੂ 'ਚ 125 ਫੀਸਦੀ ਦਾ ਵਾਧਾ ਹੋਇਆ ਜਿਸ ਕਾਰਨ ਝੀਲਾਂ 'ਚ ਪਾਣੀ ਦਾ ਪੱਧਰ ਘਟਿਆ।

ਕੇਂਦਰ ਜਲ ਕਮਿਸ਼ਨ ਅਨੁਸਾਰ 125 ਝੀਲਾਂ 'ਚ ਸਿਰਫ 21 ਫੀਸਦੀ ਪਾਣੀ ਮੁਹੱਈਆ ਸੀ। ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ ਅਤੇ ਕੇਰਲ ਦੀਆਂ 42 ਮੁੱਖ ਝੀਲਾਂ 'ਚ ਪਾਣੀ ਦਾ ਪੱਧਰ 17 ਫੀਸਦੀ ਰਹਿ ਗਿਆ। ਗੰਗਾ ਦੇ ਮੈਦਾਨ 'ਚ ਸਥਿਤ ਬਿਹਾਰ ਦੇ ਜ਼ਿਲ੍ਹਿਆਂ 'ਚ ਝੋਨਾ ਲਾਉਣਾ ਸ਼ੁਰੂ ਹੋ ਜਾਣਾ ਚਾਹੀਦਾ ਸੀ ਪਰ ਉੱਥੇ ਸੋਕਾ ਪਿਆ ਹੋਇਆ ਹੈ। ਸੂਬੇ ਦੇ 64 ਫੀਸਦੀ ਹਿੱਸਿਆਂ 'ਚ ਘੱਟ ਮੀਂਹ ਪੈ ਰਿਹਾ ਹੈ। ਮਹਾਰਾਸ਼ਟਰ ਦਾ 80 ਫੀਸਦੀ ਹਿੱਸਾ ਮੀਂਹ 'ਤੇ ਨਿਰਭਰ ਹੈ ਅਤੇ ਮਰਾਠਵਾੜਾ ਅਤੇ ਵਿਦਰਭ 'ਚ ਮਾਨਸੂਨ ਦੇਰੀ ਨਾਲ ਪਹੁੰਚਿਆ ਹੈ।

ਪੱਛਮੀ ਬੰਗਾਲ, ਬਿਹਾਰ ਅਤੇ ਉੱਤਰ ਪ੍ਰਦੇਸ਼ 'ਚ ਵੀ ਇਹੀ ਹਾਲ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਜੂਨ-ਜੁਲਾਈ 'ਚ ਘੱਟ ਮੀਂਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਇਸ ਦਾ ਕਾਰਨ ਮਨੁੱਖ ਹੈ। ਭਾਰੀ ਮੁੱਢਲੇ ਵਿਕਾਸ, ਸੜਕਾਂ, ਘਰਾਂ, ਹੋਟਲਾਂ, ਬਹੁਮੰਜ਼ਿਲਾ ਇਮਾਰਤਾਂ ਦਾ ਅਢੁੱਕਵਾਂ ਨਿਰਮਾਣ, ਸੀਵਰੇਜ ਡਿਸਪੋਜ਼ਲ ਸਿਸਟਮ, ਸੜਕਾਂ, ਸੁਰੰਗਾਂ ਅਤੇ ਵਾਤਾਵਰਣੀ ਨਜ਼ਰੀਏ ਤੋਂ ਨਾਜ਼ੁਕ ਇਲਾਕਿਆਂ 'ਚ ਪਣ-ਬਿਜਲੀ ਪ੍ਰਾਜੈਕਟਾਂ ਅਤੇ ਡੈਮਾਂ ਆਦਿ ਕਾਰਨ ਦਬਾਅ ਵਧ ਰਿਹਾ ਹੈ।

ਦੇਸ਼ 'ਚ ਚੱਕਰਵਾਤ, ਬੱਦਲ ਫਟਣਾ, ਅਚਾਨਕ ਹੜ੍ਹ ਆਉਣਾ ਆਦਿ ਆਫਤਾਂ ਹਰ ਸਾਲ ਆਉਂਦੀਆਂ ਹਨ ਅਤੇ ਸਰਕਾਰ ਸਿਰਫ ਉਦੋਂ ਹੀ ਕਿਉਂ ਹਰਕਤ 'ਚ ਆਉਂਦੀ ਹੈ ਜਦੋਂ ਲੱਖਾਂ ਲੋਕ ਬੇਘਰ ਹੋ ਜਾਂਦੇ ਹਨ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ ਹੋ ਜਾਂਦੀ ਹੈ? ਸਪੱਸ਼ਟ ਸ਼ਬਦਾਂ 'ਚ ਕਹੀਏ ਤਾਂ ਸਭ ਕੁਝ ਕੰਮ ਚਲਾਊ ਹੈ।

ਤ੍ਰਾਸਦੀ ਦੇਖੋ। ਆਫਤ ਪ੍ਰਭਾਵਿਤ ਇਲਾਕਿਆਂ 'ਚ ਖਾਣ-ਪੀਣ ਦੀਆਂ ਚੀਜ਼ਾਂ ਆਫਤ ਆਉਣ ਦੇ ਕਈ ਦਿਨਾਂ ਦੇ ਬਾਅਦ ਪਹੁੰਚਦੀਆਂ ਹਨ ਤੇ ਇਸ ਦੇ ਲਈ ਗੁੰਝਲਦਾਰ ਨੌਕਰਸ਼ਾਹੀ ਦੀ ਪ੍ਰਕਿਰਿਆ ਜ਼ਿੰਮੇਵਾਰ ਹੈ। ਹਵਾਈ ਜਹਾਜ਼ ਰਾਹੀਂ ਖਾਣਾ ਪਹੁੰਚਾਇਆ ਜਾਂਦਾ ਹੈ ਅਤੇ ਇਸ 'ਚੋਂ ਅੱਧੇ ਤੋਂ ਵੱਧ ਖਾਣਾ ਪਾਣੀ 'ਚ ਡਿੱਗ ਜਾਂਦਾ ਹੈ ਅਤੇ ਜੋ ਲੋਕਾਂ ਦੇ ਦਰਮਿਆਨ ਪਹੁੰਚਦਾ ਹੈ, ਉਸਨੂੰ ਲੈ ਕੇ ਭਾਜੜ ਪੈ ਜਾਂਦੀ ਹੈ। ਸਵਾਲ ਉੱਠਦਾ ਹੈ ਕਿ ਸਰਕਾਰ ਮੁੱਢਲੇ ਸੁਝਾਵਾਂ ਨੂੰ ਲਾਗੂ ਕਿਉਂ ਨਹੀਂ ਕਰਦੀ। ਮੀਂਹ, ਬੱਦਲ ਫਟਣਾ, ਭੂਚਾਲ, ਹੜ੍ਹ ਆਦਿ ਲਈ ਲੰਬੇ ਸਮੇਂ ਦੇ ਉਪਾਅ ਕਿਉਂ ਨਹੀਂ ਕੀਤੇ ਜਾਂਦੇ ?

ਪ੍ਰਸ਼ਾਸਨ ਦੀ ਅਸਫਲਤਾ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ ਅਤੇ ਕਿਸ ਨੂੰ ਸਜ਼ਾ ਦਿੱਤੀ ਜਾਵੇ ? ਇਹ ਵੱਖ-ਵੱਖ ਸੂਬਾ ਸਰਕਾਰਾਂ ਅਤੇ ਸੰਘ ਸ਼ਾਸਿਤ ਪ੍ਰਦੇਸ਼ਾਂ ਅਧੀਨ ਗੈਰ-ਸੰਵੇਦਨਸ਼ੀਲ ਪ੍ਰਸ਼ਾਸਨ ਦੀ ਉਦਾਸੀਨਤਾ ਦਾ ਸਬੂਤ ਹੈ ਕਿ ਵਾਤਾਵਰਣੀ ਨਜ਼ਰੀਏ ਤੋਂ ਨਾਜ਼ੁਕ ਇਲਾਕਿਆਂ ਨੂੰ ਵੀ ਨਹੀਂ ਛੱਡਦੇ ਅਤੇ ਇਹ ਇਲਾਕੇ ਉਨ੍ਹਾਂ ਦੇ ਲਾਲਚ ਦਾ ਸ਼ਿਕਾਰ ਬਣ ਜਾਂਦੇ ਹਨ, ਜਿਸ ਨਾਲ ਪੌਣ-ਪਾਣੀ ਤਬਦੀਲੀਆਂ ਦੀਆਂ ਘਟਨਾਵਾਂ ਹੋਰ ਵਧ ਜਾਂਦੀਆਂ ਹਨ। ਹਾਕਮ ਵਰਗ ਮਾਹਿਰਾਂ ਦੇ ਸੁਝਾਵਾਂ ਨੂੰ



ਨਜ਼ਰ ਅੰਦਾਜ਼ ਕਰਦੇ ਹਨ ਅਤੇ ਪ੍ਰਸ਼ਾਸਨ ਕੋਈ ਸਬਕ ਨਹੀਂ ਸਿੱਖਦਾ।

ਸਾਲ 2022 'ਚ ਉੱਤਰਾਖੰਡ ਦੇ ਜੋਸ਼ੀਮੱਠ 'ਚ ਜ਼ਮੀਨ 'ਚ ਤਰੇੜਾਂ ਤੇ ਬੈਂਗਲੂਰੂ ਦੇ ਟੈਂਕ ਫਾਰਮਾਂ 'ਚ ਹੜ੍ਹ ਤੋਂ ਕੋਈ ਸਬਕ ਨਹੀਂ ਲਏ ਗਏ। ਇੰਟਰ ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ 'ਚ ਪਾਇਆ ਗਿਆ ਹੈ ਕਿ ਹਿਮਾਲਿਆ ਸਮੇਤ ਵਿਸ਼ਵ ਭਰ ਦੇ ਪਹਾੜਾਂ 'ਚ ਵਧ ਮੀਂਹ ਪੈ ਰਿਹਾ ਹੈ ਜਿੱਥੇ ਪਹਿਲਾਂ ਬਰਫਬਾਰੀ ਹੁੰਦੀ ਸੀ। ਇਸ ਦੇ ਇਲਾਵਾ ਵਾਤਾਵਰਣੀ ਨਜ਼ਰੀਏ ਤੋਂ ਨਾਜ਼ੁਕ ਇਲਾਕਿਆਂ 'ਚ ਤੇਜ਼ੀ ਨਾਲ ਪ੍ਰਾਜੈਕਟ ਚਲਾਏ ਜਾ ਰਹੇ ਹਨ ਜਿਸ ਨਾਲ ਗਲੇਸ਼ੀਅਰ ਇਲਾਕਿਆਂ ਲਈ ਖਤਰਾ ਪੈਦਾ ਹੋ ਰਿਹਾ ਹੈ। ਬਿਨਾਂ ਸ਼ੱਕ ਲੋੜਾਂ ਦੇ ਆਧਾਰ 'ਤੇ ਨੀਤੀਆਂ ਦਾ ਨਿਰਮਾਣ ਕਰਨਾ ਅਤੇ ਸਮੱਸਿਆਵਾਂ ਦਾ ਹੱਲ ਲੱਭਣਾ ਹੋਵੇਗਾ। ਨਾਜ਼ੁਕ ਇਲਾਕਿਆਂ ਦੀ ਨਿਗਰਾਨੀ ਲਈ ਵੱਧ ਸਾਧਨ ਅਤੇ ਬਦਲਾਅ ਦੀ ਪ੍ਰਕਿਰਿਆ ਬਾਰੇ ਵੱਧ ਸੂਚਨਾਵਾਂ ਇਕੱਠੀਆਂ ਕਰਨੀ ਹੋਣਗੀਆਂ, ਜਿਸ ਨਾਲ ਵਧੀਆ ਉਪਾਅ ਕੀਤੇ ਜਾ ਸਕਣ।

ਸਾਡੇ ਨੇਤਾਵਾਂ ਨੂੰ ਮੌਜੂਦਾ ਵਿਕਾਸ ਮਾਡਲ 'ਤੇ ਮੁੜ ਵਿਚਾਰ ਕਰਨਾ ਹੋਵੇਗਾ ਅਤੇ ਫੈਸਲੇ ਲੈਣ ਤੇ ਨੀਤੀ ਘੜਨ ਦੇ ਸਬੰਧ 'ਚ ਮਾਹਿਰਾਂ ਦੇ ਤਜਰਬਿਆਂ ਦੀ ਵਰਤੋਂ ਕਰਨੀ ਹੋਵੇਗੀ। ਵਧਦੀ ਹੋਈ ਆਬਾਦੀ ਅਤੇ ਸਥਾਨਕ ਵਾਤਾਵਰਣੀ ਤੰਤਰ 'ਤੇ ਇਸ ਦੇ ਪ੍ਰਭਾਵ ਨਾਲ ਪੈਦਾ ਹੋਈਆਂ ਸਮੱਸਿਆਵਾਂ 'ਤੇ ਖਾਸ ਧਿਆਨ ਦੇਣਾ ਹੋਵੇਗਾ। ਮਕਾਨਾਂ ਦੇ ਗੈਰ-ਨਿਯੋਜਿਤ ਨਿਰਮਾਣ, ਵਾਤਾਵਰਣ, ਗੰਦਗੀ ਆਦਿ 'ਤੇ ਧਿਆਨ ਦੇਣਾ ਹੋਵੇਗਾ।

ਸਮਾਂ ਆ ਗਿਆ ਹੈ ਕਿ ਅਸੀਂ ਆਪਣੀਆਂ ਪ੍ਰਬੰਧਨ ਰਣਨੀਤੀਆਂ ਦਾ ਮੁਲਾਂਕਣ ਕਰੀਏ ਕਿ ਉਹ ਕਿੰਨੀਆਂ ਅਸਰਦਾਇਕ ਹਨ। ਚਿਤਾਵਨੀ ਪ੍ਰਣਾਲੀਆਂ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ 'ਚ ਰਾਡਾਰ ਆਧਾਰਿਤ ਤਕਨੀਕ ਦੀ ਵਰਤੋਂ ਕੀਤੀ ਜਾਵੇ ਅਤੇ ਨਾਲ ਹੀ ਵਾਤਾਵਰਣ ਦੀ ਸੰਭਾਲ ਦਾ ਨਜ਼ਰੀਆ ਅਪਣਾਇਆ ਜਾਣਾ ਚਾਹੀਦਾ ਹੈ।

ਸਥਿਤੀ ਸਪੱਸ਼ਟ ਹੈ। ਵਾਤਾਵਰਣ ਦੀ ਕੀਮਤ 'ਤੇ ਵਿਕਾਸ ਨਹੀਂ ਹੋ ਸਕਦਾ। ਸਾਡੇ ਸਿਆਸੀ ਆਗੂਆਂ ਨੂੰ ਸੁਚੇਤ ਰਹਿਣਾ ਹੋਵੇਗਾ ਅਤੇ ਥੋੜ੍ਹੇ ਸਮੇਂ ਦੀ ਬਜਾਏ ਲੰਬੇ ਸਮੇਂ ਦੇ ਨਿਯੋਜਨ 'ਤੇ ਧਿਆਨ ਦੇਣਾ ਹੋਵੇਗਾ ਅਤੇ ਇਸ ਲਈ ਨਾ ਤਾਂ ਤੁਹਾਨੂੰ ਵੱਧ ਨਾਜ਼ੁਕ ਹੋਣ ਦੀ ਲੋੜ ਹੈ ਅਤੇ ਨਾ ਹੀ ਉਦਾਸੀਨ ਹੋਣ ਦੀ। ਜੇਕਰ ਤੁਸੀਂ ਆਫਤ ਬਾਰੇ ਕੋਈ ਠੋਸ ਕਦਮ ਨਹੀਂ ਚੁੱਕਦੇ ਹੋ ਤਾਂ ਯਕੀਨੀ ਤੌਰ 'ਤੇ ਭਵਿੱਖ 'ਚ ਹੋਰ ਆਫਤਾਂ ਅਤੇ ਦੁਖਦਾਈ ਖਬਰਾਂ ਆਉਣਗੀਆਂ। ਇਕ ਪੁਰਾਣੇ ਕਾਮਿਕ ਦੀਆਂ ਕੁਝ ਸਤਰਾਂ ਯਾਦ ਆਉਂਦੀਆਂ ਹਨ ਕਿ ਅਸੀਂ ਆਪਣੇ ਪੁਰਾਣੇ ਦੁਸ਼ਮਣ ਨੂੰ ਦੇਖ ਲਿਆ ਹੈ ਅਤੇ ਉਹ ਦੁਸ਼ਮਣ ਅਸੀਂ ਖੁਦ ਹਾਂ।

# ਹੱਥ ਮੁੰਨਾ ਹਾਲੀ ਮੰਨਾ ਪੀੜ੍ਹਨਾ


ਕਿਸਾਨ ਦਾ ਪੁੱਤਰ ਜਦ ਥੋੜਾ ਜਿਹਾ ਜਵਾਨ ਹੁੰਦਾ ਹੈ। ਦੋਸਤ ਰਿਸ਼ਤੇਦਾਰ ਲਿਹਾਜੀ ਪੁੱਛਦੇ ਕਿ ਕਾਕਾ ਕਿੰਨੇ ਸਾਲ ਦਾ ਹੋ ਗਿਆ ਏ। ਕਿਸਾਨ ਆਪਣੇ ਦੀ ਸਾਲਾਂ ਦੀ ਗਿਣਤੀ ਕਰਕੇ ਦੱਸਦਾ ਹੈ ਕਿ ਹੁਣ ਕੰਮ ਵਿਚ ਮੇਚ ਹੋ ਗਿਆ ਅਤੇ ਹਲ ਦਾ ਮੁੰਨਾ ਫੜਨ ਜੋਗਾ ਹੋ ਗਿਆ ਹੈ ਅਤੇ ਹਾਲੀ ਬਨਣ ਦੇ ਕਾਬਲ ਹੋ ਗਿਆ ਅਤੇ ਪਸ਼ੂਆਂ ਦੇ ਚਾਰੇ ਕੋਚਰੀ ਹਰੇ ਦੀ ਪੰਡ ਸਿਰ ਤੇ ਚੁਕ ਲਿਆਉਂਦਾ ਅਤੇ ਆ ਕੇ ਕੁੱਤਰ ਲੈਂਦਾ। ਤੇ ਦੂਜਾ ਬੋਲਦਾ ਸੁੱਖ ਨਾ ਗੱਭਰੂ ਹੋ ਗਿਆ। ਤੇ ਹਲ ਦਾ ਮੁੰਨਾ ਫੜਣ ਜੋਗਾ ਹੋ ਗਿਆ ਹੈ ਅਤੇ ਸਾਰੇ ਪਸ਼ੂਆਂ ਨੂੰ ਸੰਭਾਲ ਲੈਂਦਾ। ਉਸ ਸਮੇਂ ਵਰ੍ਹਿਆਂ ਦੀ ਗਿਣਤੀ ਨਹੀਂ ਕੀਤੀ ਜਾਂਦੀ ਅਤੇ ਕਿਸਾਨ ਦੇ ਘਰ ਦੁੱਧ ਘਿਉ ਦੀ ਭਰਮਾਰ ਹੁੰਦੀ ਅਤੇ ਹਾਲੀ ਗਭਰੂ ਤੌੜੀ ਵਾਲਾ ਦੁੱਧ ਬਿਨਾ ਨਾਗਾ ਪੀਆ ਕਰਦੇ ਅਤੇ ਛੋਟੇ ਉਮਰ ਸਰੀਰਕ ਤਾਕਤ ਬਣ ਜਾਂਦੀ ਸੀ। ਖੇਤੀ ਦਾ ਕੰਮ ਵੀ ਜ਼ੋਰ ਵਾਲੇ ਦੇ ਵੱਸ ਦੀ ਗੱਲ ਸੀ। ਛੋਟਾ ਮੋਟਾ ਕੰਮ ਕਰਨ ਨਾਲ ਵੀ ਸਰੀਰਕ ਬਲ ਵਧਦਾ ਸੀ। ਏਥੋਂ ਤੱਕ ਵੀ ਕਿਹਾ ਜਾਂਦਾ ਸੀ ਕਿ ਕਿਸਾਨ ਦਾ ਪੁੱਤ ਚੰਗੇ ਸਰੀਰਕ ਬਲ ਦਾ ਮਾਲਕ ਹੋਵੇ। ਹੋਰ ਕੰਮ ਦਾ ਸਰ ਜਾਂਦਾ ਹੈ ਪੁਰਾਤਨ ਜਮਾਨਿਆਂ ਵਿਚ ਛੋਟੇ ਉਮਰ ਦੇ ਬੱਚੇ ਖੇਤੀ ਕੰਮ ਨੂੰ ਕਰਨ ਲਗ ਜਾਂਦੇ ਸਨ। ਅੱਸੀਂ ਸਾਲ ਦੇ ਬਜ਼ੁਰਗ ਵੀ ਹਲ ਵਾਹਿਆ ਕਰਦੇ ਸਨ ਅਤੇ ਲਾਂਗੇ ਦੇ ਗੱਡੇ ਲੱਦਿਆ ਕਰਦੇ ਸਨ। ਹਾੜ੍ਹੀ ਹੱਥੀਂ ਵੱਢਿਆ ਕਰਦੇ ਸਨ। ਆਯੂ ਦਾ ਖਿਆਲ ਘੱਟ ਹੀ ਰੱਖਿਆ ਜਾਂਦਾ ਸੀ। ਸਾਲਾਂ ਦੀ ਕੋਈ ਮਿਣਤੀ ਨਹੀਂ ਸੀ ਕਰਦਾ। ਕਿਸਾਨ ਦਾ ਪਿਤਾ ਪੁਰਖੀ ਧੰਦਾ ਕਰਨ ਵਿਚ ਵਿਡਾਤਣ ਗਿਣਿਆ ਜਾਂਦਾ ਸੀ। ਕਿਸੇ ਦੇ ਅਧੀਨ ਕੰਮ ਕਰਨ ਨੂੰ ਮਾੜਾ ਸਮਝਿਆ ਜਾਂਦਾ ਸੀ।




**ਜਗਜੀਤ ਸਿੰਘ ਭਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜ਼ੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249


ਬਲਦਾਂ ਦਾ ਹੱਲ ਵਾਹੁਣਾ ਔਖਾ ਸੀ ਕਿਉਂਕਿ ਬੱਲਦਾਂ ਦੇ ਹੱਲ ਦੀ ਹਲ ਛੋਟੀ ਹੁੰਦੀ ਸੀ। ਬਲਦਾਂ ਦੇ ਪੈਰ ਚੌਅ ਦੇ ਨੇੜੇ ਟਿੱਕਦੇ ਸਨ। ਬਲਦੇ ਡੰਗੇ ਜਾਣ ਹਮੇਸ਼ਾ ਡਰ ਬਣਿਆ ਰਹਿੰਦਾ ਸੀ ਮੋੜਨ ਤੇ ਬਲਦਾਂ ਦੇ ਪੈਰਾਂ ਦੇ ਬਿਲਕੁਲ ਨੇੜੇ ਚੌਅ ਹੁੰਦੀ, ਕਈ ਚੌਅ ਨਾਲ ਬਲਦ ਦਾ ਪੈਰ ਡੰਗਿਆ ਜਾਂਦਾ ਸੀ ਅਤੇ ਖੂਨ ਨਾਲ ਪੈਰ ਭਰ ਜਾਂਦਾ ਸੀ। ਕਹਿੰਦੇ ਕਹਾਉਂਦੇ ਹਾਲੀ ਤੋਂ ਪੈਰ ਡੰਗਿਆ ਜਾਂਦਾ ਸੀ। ਜੇ ਵੱਤ ਚੜ ਜਾਂਦੀ। ਤਾਂ ਮਾਹਰ ਹਾਲੀ ਹੀ ਤਪੜ ਜ਼ਮੀਨ ਨੂੰ ਹਾਲੀ ਦੇ ਰਾਹੀਂ ਪੁੱਟਦਾ ਸੀ ਜਿਸਨੂੰ ਕਈ ਸਾਲਾਂ ਤੋਂ ਤਜਰਬਾ ਹਾਸਲ ਹੋਇਆ ਹੁੰਦਾ ਸੀ ਜੋ ਸਾਫ ਸੁਥਰਾ ਹਲ ਵਾਹੁੰਦਾ ਉਸਨੂੰ ਹਾਲੀ ਮੰਨਿਆ ਜਾਂਦਾ ਸੀ।

# ਫਸਲਾਂ ਦੀ ਸਰਕਾਰੀ ਖਰੀਦ ਦੇ ਖੇਤੀ ਆਧਾਰਤ ਸਨਅਤਾਂ



ਡਾ. ਸ. ਸ. ਛੀਨਾ

**ਪੰਜਾਬ ਵਿਚ ਸਭ ਤੋਂ ਆਸਾਨੀ ਨਾਲ ਮਿਲਣ ਵਾਲਾ ਕੱਚਾ ਮਾਲ ਖੇਤੀ ਵਸਤੂਆਂ ਹਨ । ਪੰਜਾਬ ਕੋਲ ਭਾਵੇਂ ਭਾਰਤ ਦੇ ਕੁੱਲ ਖੇਤਰ ਦਾ ਸਿਰਫ 1.5 ਫੀਸਦੀ ਹਿੱਸਾ ਹੈ ਪਰ ਦੇਸ਼ ਦੇ ਅੰਨ ਭੰਡਾਰਾਂ ਵਿਚ ਪੰਜਾਬ 60 ਫੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ । ਦੇਸ਼ ਵਿਚ ਪੈਦਾ ਹੋਣ ਵਾਲੀ ਕੁੱਲ ਕਣਕ ਵਿਚ 16 ਫੀਸਦੀ, ਕੁੱਲ ਕਣਕ ਵਿਚ 16 ਫੀਸਦੀ, ਕੁੱਲ ਝੋਨੇ ਵਿਚ 11 ਫੀਸਦੀ, ਕੁੱਲ ਕਪਾਹ ਵਿਚ 3.4 ਫੀਸਦੀ, ਜਦੋਂ ਕਿ ਦੁੱਧ ਵਿਚ 7 ਫੀਸਦੀ ਹਿੱਸਾ ਪੰਜਾਬ ਦਾ ਹੈ । ਇਥੋਂ ਤਕ ਕਿ ਦੁਨੀਆਂ ਵਿਚ ਪੈਦਾ ਹੋਣ ਵਾਲੀ ਕਣਕ ਵਿਚ 2.3 ਫੀਸਦੀ, ਝੋਨੇ ਦੀ 2.5 ਫੀਸਦੀ ਅਤੇ ਕਪਾਹ ਵਿਚ 0.7 ਫੀਸਦੀ ਹਿੱਸਾ ਇਸ ਛੋਟੇ ਜਿਹੇ ਸੂਬੇ ਦਾ ਹੈ । ਦੁਨੀਆ ਭਰ ਵਿਚ, ਖਾਸ ਕਰਕੇ ਵਿਕਸਤ ਦੇਸ਼ਾਂ ਵਿਚ ਕੁੱਲ ਖੇਤੀ ਵਸਤੂਆਂ ਵਿਚੋਂ 86 ਫੀਸਦੀ ਵਸਤੂਆਂ ਨੂੰ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਵਸਤੂਆਂ ਦੇ ਰੂਪ ਵਿਚ ਬਣਾ ਕੇ ਵੇਚਿਆ ਜਾਂਦਾ ਹੈ । ਜਦੋਂ ਕਿ ਪੰਜਾਬ ਦੇ ਵਿਕਸਤ ਖੇਤੀ ਸੂਬਾ ਹੋਣ ਦੇ ਬਾਵਜੂਦ ਸਿਰਫ 12 ਫੀਸਦੀ ਵਸਤੂਆਂ ਨੂੰ ਹੀ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਕੀਤਾ ਜਾਂਦਾ ਹੈ ।**

ਉੱਘੇ ਅਰਥ ਸ਼ਾਸਤਰੀ ਡਾ. ਕੇ. ਐਨ. ਰਾਜ, ਜਿਹੜੇ ਲੰਮਾ ਸਮਾਂ ਯੋਜਨਾ ਕਮਿਸ਼ਨ ਦੀਆਂ ਨੀਤੀਆਂ ਨਾਲ ਸਬੰਧਤ ਰਹੇ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਸਲਾਹਕਾਰਾਂ 'ਚ ਮੁੱਖ ਸਨ, ਦੇ ਇਹ ਵਿਚਾਰ ਸਨ ਕਿ ਦੇਸ਼ ਨੂੰ ਉਦਯੋਗਿਕ ਤੌਰ 'ਤੇ ਵਿਕਸਤ ਹੋਣ ਲਈ ਲੋੜੀਂਦੇ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਚਾਹੀਦਾ ਹੈ । ਕਿਸੇ ਵੇਲੇ ਪੰਜਾਬ, ਜੋ ਖੇਤੀ ਵਿਚ ਸਭ ਤੋਂ ਵਿਕਸਤ ਸੂਬਾ ਸੀ ਉੱਥੇ ਉਦਯੋਗਾਂ 'ਚ ਵੀ ਬਹੁਤ ਅੱਗੇ ਸੀ । 1960 ਤੋਂ ਪਹਿਲਾਂ ਇਸ ਦਾ ਗਰਮ ਕੱਪੜਾ ਵਿਦੇਸ਼ਾਂ ਵਿਚ ਜਾ ਕੇ ਵਿਕਦਾ ਸੀ ਭਾਵੇਂ ਕਿ ਉਸ ਲਈ ਉੱਨ ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਮੰਗਵਾਇਆ ਜਾਂਦਾ ਸੀ । ਰੇਸ਼ਮੀ ਕੱਪੜੇ ਦੀਆਂ ਇਕੱਲੇ ਅੰਮ੍ਰਿਤਸਰ ਵਿਚ ਹੀ 1200 ਦੇ ਕਰੀਬ ਇਕਾਈਆਂ ਸਨ । ਬਟਾਲਾ, ਗੁਰਾਇਆ ਅਤੇ ਗੋਬਿੰਦਗੜ੍ਹ ਵਿਚ ਮੋਟਰ ਸਪੇਅਰ ਪਾਰਟਸ ਅਤੇ ਮਸ਼ੀਨਾਂ ਬਣ ਕੇ ਦੇਸ਼-ਵਿਦੇਸ਼ ਵਿਚ ਵਿਕਦੀਆਂ ਸਨ ਹਾਲਾਂਕਿ ਇਸ ਲਈ ਵੀ ਕੱਚਾ ਮਾਲ 1200 ਕਿਲੋਮੀਟਰ ਦੀ ਦੂਰੀ ਤੋਂ ਮੰਗਵਾਇਆ ਜਾਂਦਾ ਸੀ ਪਰ 1970 ਤੋਂ ਬਾਅਦ ਪੰਜਾਬ 'ਚੋਂ ਉਦਯੋਗ ਘਟਦੇ ਗਏ ਅਤੇ ਨਵੇਂ ਉਦਯੋਗ ਲੱਗਣ ਦੀ ਰਫਤਾਰ ਵੀ ਬਹੁਤ ਘਟ ਗਈ । ਹੁਣ ਹਾਲਤ ਇਹ ਹੈ ਕਿ ਇਸ ਦਾ ਗਰਮ ਕੱਪੜਾ, ਰੇਸ਼ਮੀ ਕੱਪੜਾ ਅਤੇ



ਮਸ਼ੀਨਾਂ ਦੀਆਂ ਉਦਯੋਗਿਕ ਇਕਾਈਆਂ ਬਿਲਕੁਲ ਬੰਦ ਹੋ ਗਈਆਂ ਹਨ ਅਤੇ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਦਾ ਮੁੱਖ ਕਾਰਨ ਇਸ ਦਸ ਉਦਯੋਗਿਕ ਵਿਕਾਸ ਰੁਕ ਜਾਣਾ ਹੈ ।

ਪੰਜਾਬ ਵਿਚ ਜਿਹੜੀ ਵੀ ਸਰਕਾਰ ਆਈ ਉਸ ਨੇ ਉਦਯੋਗਿਕ ਵਿਕਾਸ ਲਈ ਯਤਨ ਕੀਤੇ । ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ ਪਰ ਉਦਯੋਗਿਕ ਵਿਕਾਸ ਵਿਚ ਇੰਨੀ ਵੱਡੀ ਖੜੋਤ ਆ ਗਈ ਹੈ ਕਿ ਇਹ ਜ਼ਰੂਰੀ ਬਣਦਾ ਹੈ ਕਿ ਇਸ ਦੇ ਮੁੱਢਲੇ ਕਾਰਨਾਂ ਦੀ ਪਛਾਣ ਕਰਕੇ ਉਹ ਯਤਨ ਕੀਤੇ ਜਾਣ ਜਿਸ ਨਾਲ ਵਿਕਾਸ ਦੀ ਰੁਕਾਵਟ ਖਤਮ ਹੋ ਜਾਵੇ । ਹੁਣ ਫਿਰ ਉਸ ਅਰਥ-ਸ਼ਾਸਤਰੀ ਡਾ. ਕੇ. ਐਨ. ਰਾਜ ਦੇ ਉਹ ਸ਼ਬਦ ਯਾਦ ਆਉਂਦੇ ਹਨ ਕਿ ਉਦਯੋਗਾਂ ਲਈ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਬਹੁਤ ਜ਼ਰੂਰੀ ਹੈ । ਪੰਜਾਬ ਤੋਂ ਭਾਵੇਂ ਹਰ ਸਾਲ 20 ਹਜ਼ਾਰ ਕਰੋੜ ਰੁਪਏ ਦੇ ਕਰੀਬ ਬਾਸਮਤੀ ਦੀ ਬਰਾਮਦ ਦਾ ਕੀਤੀ ਜਾਂਦੀ ਹੈ ਪਰ ਫਿਰ ਵੀ ਆਮ ਝੋਨੇ ਦੀ ਬਜਾਏ ਬਾਸਮਤੀ ਅਧੀਨ ਖੇਤਰ ਨਹੀਂ ਵੱਧ ਰਿਹਾ । ਉਦਯੋਗਿਕ ਤੌਰ 'ਤੇ ਵਿਕਸਤ ਦੇਸ਼ਾਂ ਵਿਚ ਉੱਥੇ ਮਿਲਣ ਵਾਲੇ ਕੱਚੇ ਮਾਲ 'ਤੇ ਆਧਾਰਿਤ ਜਿਹੜੇ ਵੀ ਉਦਯੋਗ ਸਥਾਪਿਤ ਕੀਤੇ ਗਏ ਹਨ ਉਨ੍ਹਾਂ ਨੂੰ ਬਹੁਤ ਘੱਟ ਲਾਗਤ 'ਤੇ ਉਤਪਾਦਤ ਕਰਕੇ ਦੇਸ਼ਾਂ-ਵਿਦੇਸ਼ਾਂ ਵਿਚ ਵੇਚਿਆ ਗਿਆ ਹੈ ।

ਪੰਜਾਬ ਵਿਚ ਸਭ ਤੋਂ ਆਸਾਨੀ ਨਾਲ ਮਿਲਣ ਵਾਲਾ ਕੱਚਾ ਮਾਲ ਖੇਤੀ ਵਸਤੂਆਂ ਹਨ । ਪੰਜਾਬ ਕੋਲ ਭਾਵੇਂ ਭਾਰਤ ਦੇ ਕੁੱਲ ਖੇਤਰ ਦਾ ਸਿਰਫ 1.5 ਫੀਸਦੀ ਹਿੱਸਾ ਹੈ ਪਰ ਦੇਸ਼ ਦੇ ਅੰਨ ਭੰਡਾਰਾਂ ਵਿਚ ਪੰਜਾਬ 60 ਫੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ । ਦੇਸ਼ ਵਿਚ ਪੈਦਾ ਹੋਣ ਵਾਲੀ ਕੁੱਲ ਕਣਕ ਵਿਚ 16 ਫੀਸਦੀ, ਕੁੱਲ ਕਣਕ ਵਿਚ 16 ਫੀਸਦੀ, ਕੁੱਲ ਝੋਨੇ ਵਿਚ 11 ਫੀਸਦੀ, ਕੁੱਲ ਕਪਾਹ ਵਿਚ 3.4 ਫੀਸਦੀ, ਜਦੋਂ ਕਿ ਦੁੱਧ ਵਿਚ 7 ਫੀਸਦੀ ਹਿੱਸਾ ਪੰਜਾਬ ਦਾ ਹੈ । ਇਥੋਂ ਤਕ ਕਿ ਦੁਨੀਆਂ ਵਿਚ ਪੈਦਾ ਹੋਣ ਵਾਲੀ ਕਣਕ ਵਿਚ 2.3 ਫੀਸਦੀ, ਝੋਨੇ ਦੀ 2.5 ਫੀਸਦੀ ਅਤੇ ਕਪਾਹ ਵਿਚ 0.7 ਫੀਸਦੀ ਹਿੱਸਾ ਇਸ ਛੋਟੇ ਜਿਹੇ ਸੂਬੇ ਦਾ ਹੈ । ਦੁਨੀਆ ਭਰ ਵਿਚ, ਖਾਸ ਕਰਕੇ ਵਿਕਸਤ ਦੇਸ਼ਾਂ ਵਿਚ ਕੁੱਲ ਖੇਤੀ ਵਸਤੂਆਂ ਵਿਚੋਂ 86 ਫੀਸਦੀ ਵਸਤੂਆਂ ਨੂੰ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਵਸਤੂਆਂ ਦੇ ਰੂਪ ਵਿਚ ਬਣਾ ਕੇ ਵੇਚਿਆ ਜਾਂਦਾ ਹੈ । ਜਦੋਂ ਕਿ ਪੰਜਾਬ ਦੇ ਵਿਕਸਤ ਖੇਤੀ ਸੂਬਾ ਹੋਣ ਦੇ ਬਾਵਜੂਦ ਸਿਰਫ 12 ਫੀਸਦੀ ਵਸਤੂਆਂ ਨੂੰ ਹੀ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਕੀਤਾ ਜਾਂਦਾ ਹੈ ।

ਕੁੱਝ ਸਾਲ ਪਹਿਲਾਂ ਮੈਨੂੰ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਵੱਲੋਂ ਇਕ ਪ੍ਰਾਜੈਕਟ ਮਿਲਿਆ ਸੀ ਕਿ ਇਹ ਖੋਜ ਕੀਤੀ ਜਾਵੇ ਕਿ ਪੰਜਾਬ ਵਿਚ ਖੇਤੀ ਆਧਾਰਿਤ ਉਦਯੋਗ ਵਿਕਸਤ ਕਿਉਂ ਨਹੀਂ ਹੋਏ ਤਾਂ ਮੈਂ ਆਪਣੀ ਖੋਜ ਵਿਚ ਇਹ ਗੱਲ ਵੇਖੀ ਸੀ ਕਿ ਖੇਤੀ ਆਧਾਰਿਤ ਉਦਯੋਗ ਦੇ ਉਦਮੀ ਇਸ ਕਰਕੇ ਅੱਗੇ ਨਹੀਂ ਸਨ ਆ ਰਹੇ ਕਿਉਂ ਜੋ ਉਹ ਮਹਿਸੂਸ ਕਰਦੇ ਸਨ ਕਿ ਇਥੇ ਮਿਲਣ ਵਾਲੇ ਕੱਚੇ ਮਾਲ ਦੀ ਅਨਿਸ਼ਚਿਤਤਾ ਹੈ । ਉਹ ਵੱਡੀ ਰਕਮ ਦਾ ਨਿਵੇਸ਼ ਕਰਕੇ ਓਨਾ ਲਾਭ ਨਹੀਂ ਕਮਾ ਸਕਣਗੇ ਜਿੰਨਾ ਉਨ੍ਹਾਂ ਨਿਵੇਸ਼ ਕੀਤਾ ਹੈ । ਫਿਰ ਹਰ ਸਾਲ ਕਦੀ ਬਹੁਤ ਜ਼ਿਆਦਾ ਪਰ ਜ਼ਿਆਦਾ ਵਾਰ ਬਹੁਤ ਘੱਟ ਕੱਚਾ ਮਾਲ ਮਿਲਣ ਨਾਲ ਉਨ੍ਹਾਂ ਦੀ ਪੂੰਜੀ ਵਿਹਲੀ ਰਹੇਗੀ ।

ਇਥੇ ਇਸ ਗੱਲ 'ਤੇ ਧਿਆਨ ਦੇਣ ਦੀ ਲੋੜ ਹੈ ਕਿ ਕਣਕ ਅਤੇ ਝੋਨੇ ਦੀਆਂ ਦੋ ਫਸਲਾਂ ਅਧੀਨ ਸੂਬੇ ਦਾ 70 ਫੀਸਦੀ ਰਕਬਾ ਆ ਗਿਆ ਹੈ । ਪਿਛਲੇ ਸਮੇਂ ਵਿਚ ਸਰਕਾਰ ਵੱਲੋਂ ਫਸਲ ਵਿਭਿੰਨਤਾ ਲਈ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਝੋਨੇ ਅਧੀਨ ਖੇਤਰ ਵੱਧ ਕੇ 32 ਹੈਕਟੇਅਰ ਜਾਂ 80 ਲੱਖ ਏਕੜ ਹੋ ਗਿਆ ਹੈ ਪਰ ਉਦਯੋਗਿਕ ਇਕਾਈਆਂ, ਜਿਹੜੀਆਂ ਮੂੰਗਫਲੀ, ਸੂਰਜਮੁਖੀ ਅਤੇ ਜੌਆਂ ਆਦਿ 'ਤੇ ਨਿਰਭਰ ਕਰਦੀਆਂ ਹਨ । ਉਨ੍ਹਾਂ ਅਧੀਨ ਖੇਤਰ ਲਗਾਤਾਰ ਘਟਦਾ ਜਾ ਰਿਹਾ ਹੈ । ਜੌਆਂ ਅਧੀਨ 1960-61 ਵਿਖ 66000 ਹੈਕਟੇਅਰ ਖੇਤਰ ਸੀ, ਜਿਹੜਾ 2020-21 ਵਿਚ ਸਿਰਫ



5900 ਹੈਕਟੇਅਰ ਰਹਿ ਗਿਆ । ਮੂੰਗਫਲੀ ਅਧੀਨ ਇਸ ਹੀ ਸਮੇਂ ਵਿਚ 67000 ਹੈਕਟੇਅਰ ਤੋਂ ਘਟ ਕੇ 1500 ਹੈਕਟੇਅਰ, ਸਰ੍ਹੋਂ ਅਧੀਨ 1 ਲੱਖ 7 ਹਜ਼ਾਰ ਹੈਕਟੇਅਰ ਤੋਂ ਘਟ ਕੇ 31000 ਹੈਕਟੇਅਰ ਸੀ, ਘਟ ਕੇ 2020-21 ਵਿਚ 2500 ਹੈਕਟੇਅਰ ਰਹਿ ਗਿਆ । ਇਸ ਤਰ੍ਹਾਂ ਹੀ ਹੋਰ ਫਸਲਾਂ, ਜਿਨ੍ਹਾਂ ਨੂੰ ਉਦਯੋਗਾਂ ਲਈ ਕੱਚੇ ਮਾਲ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ, ਉਨ੍ਹਾਂ ਅਧੀਨ ਖੇਤਰ ਵਿਚ ਕਮੀ ਆਈ ਹੈ । ਇਸ ਸਭ ਦਾ ਵੱਡਾ ਕਾਰਨ ਹੈ ਕਿ ਕਿਸਾਨ ਸਿਰਫ ਉਨ੍ਹਾਂ ਹੀ ਫਸਲਾਂ ਦੀ ਕਾਸ਼ਤ ਕਰਦਾ ਹੈ ਜਿਨ੍ਹਾਂ ਵਿਚ ਯਕੀਨੀ ਮੰਡੀਕਰਨ ਹੋਵੇ । ਇਸ ਕਾਰਨ ਹੀ ਪੰਜਾਬ ਵਿਚ ਝੋਨੇ ਅਤੇ ਕਣਕ ਅਧੀਨ ਰਕਬਾ ਵਧਦਾ ਜਾ ਰਿਹਾ ਹੈ ਭਾਵੇਂ ਕਿ ਇਸ ਨੇ ਪਾਣੀ ਡੂੰਘੇ ਜਾਣ ਸਮੇਤ ਹੋਰ ਸਮੱਸਿਆਵਾਂ ਵੀ ਪੈਦਾ ਕਰ ਦਿੱਤੀਆਂ ਹਨ ।

ਪੰਜਾਬ 'ਚ ਵੀ ਵੱਡੀ ਬੇਰੁਜ਼ਗਾਰੀ ਵਿਕਾਸ ਤੋਂ ਬਗੈਰ ਖਤਮ ਨਹੀਂ ਸੀ ਹੋ ਸਕਦੀ । ਇਹ ਬੇਰੁਜ਼ਗਾਰੀ ਪੇਂਡੂ ਖੇਤਰਾਂ ਵਿਚ ਹੋਰ ਵੀ ਜ਼ਿਆਦਾ ਹੈ । ਉਦਯੋਗਿਕ ਵਿਕਾਸ ਲਈ ਖੇਤੀ ਆਧਾਰਿਤ ਉਦਯਗਾਂ ਨੂੰ ਹੀ ਪਹਿਲ ਦੇਣੀ ਬਣਦੀ ਹੈ ਕਿਉਂ ਜੋ ਇਨ੍ਹਾਂ ਲਈ ਕੱਚਾ ਮਾਲ ਸੂਬੇ ਤੋਂ ਘੱਟ ਲਾਗਤ 'ਤੇ ਮਿਲ ਸਕਦਾ ਹੈ । ਇਨ੍ਹਾਂ ਉਦਯੋਗਿਕ ਇਕਾਈਆਂ ਨੂੰ ਛੋਟੇ ਪੈਮਾਨੇ 'ਤੇ ਚਲਾਇਆ ਜਾ ਸਕਦਾ ਹੈ । ਪਿਛਲੇ ਸਮੇਂ ਵਿਚ ਭਾਵੇਂ ਪੰਜਾਬ ਵਿਚ ਵੱਡੇ ਪੈਮਾਨੇ ਦੇ ਉਦਯੋਗਾਂ 'ਤੇ 60 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ ਪਰ ਉਨ੍ਹਾਂ ਵੱਡੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਨੇ ਸਿਰਫ 2.5 ਲੱਖ ਦੇ ਕਰੀਬ ਕਿਰਤੀਆਂ ਨੂੰ ਹੀ ਰੁਜ਼ਗਾਰ ਦਿੱਤਾ ਹੈ ਜਦੋਂਕਿ ਇਸ ਦੇ ਉਲਟ ਭਾਵੇਂ ਛੋਟੇ ਪੈਮਾਨੇ ਦੀਆਂ ਇਕਾਈਆਂ 'ਤੇ 15 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਪਰ ਉਨ੍ਹਾਂ ਨੇ 10 ਲੱਖ ਤੋਂ ਉੱਪਰ ਕਿਰਤੀਆਂ ਨੂੰ ਰੁਜ਼ਗਾਰ ਦਿੱਤਾ ।

ਪੰਜਾਬ ਵਿਚ ਬਹੁਤ ਸਾਰੀਆਂ ਫਸਲਾਂ ਦੀ ਉਪਜ ਦੇਸ਼ ਹੋਰ ਸੂਬਿਆਂ ਤੋਂ ਜ਼ਿਆਦਾ ਹੈ । ਕਣਕ ਅਤੇ ਝੋਨੇ ਵਾਂਗ ਹੋਰ ਫਸਲਾਂ ਅਤੇ ਖਾਸ ਕਰਕੇ ਉਨ੍ਹਾਂ, ਜਿਨ੍ਹਾਂ 'ਤੇ ਆਧਾਰਿਤ ਉਦਯੋਗ ਲੱਗ ਸਕਦੇ ਹਨ, ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ 'ਤੇ ਯਕੀਨੀ ਬਣਾਈ ਜਾਣੀ ਚਾਹੀਦੀ ਹੈ । ਮੱਕੀ, ਬਾਜਰਾ, ਕਪਾਹ, ਗੰਨਾ, ਮੂੰਗਫਲੀ, ਸਰ੍ਹੋਂ ਅਤੇ ਸੂਰਜਮੁਖੀ 'ਤੇ ਆਧਾਰਿਤ ਉਦਯੋਗਿਕ ਇਕਾਈਆਂ ਥੋੜ੍ਹੀ ਪੂੰਜੀ ਨਾਲ ਵੀ ਲੱਗ ਸਕਦੀਆਂ ਹਨ । ਮੱਕੀ ਦੀ ਫਸਲ ਦੀ ਔਸਤ ਉਪਜ ਪੰਜਾਬ ਵਿਚ 3665 ਕਿੱਲੋ ਪ੍ਰਤੀ ਹੈਕਟੇਅਰ ਹੈ, ਜਿਹੜੀ ਭਾਰਤ ਪੱਧਰ 'ਤੇ 3199 ਕਿੱਲੋ, ਇਸ ਤਰ੍ਹਾਂ ਹੀ ਜੌਆਂ ਦੀ ਪੰਜਾਬ ਚਿ 3737 ਕਿੱਲੋ, ਪਰ ਭਾਰਤ ਵਿਚ 2986 ਕਿਲੋ, ਕਪਾਹ ਪੰਜਾਬ ਵਿਚ 692 ਕਿਲੋ, ਜਦੋਂ ਕਿ ਭਾਰਤ ਵਿਚ 471 ਕਿਲੋ, ਗੰਨਾ ਪੰਜਾਬ ਵਿਚ 838 ਕੁਇੰਟਲ, ਜਦੋਕਿ ਭਾਰਤ ਵਿਚ 812 ਕੁਇੰਟਲ ਪ੍ਰਤੀ ਹੈਕਟੇਅਰ, ਮੂੰਗਫਲੀ ਪੰਜਾਬ ਵਿਚ 1980, ਭਾਰਤ ਵਿਚ 1687 ਅਤੇ ਸਭ ਤੋਂ ਵੱਧ ਸੂਰਜਮੁਖੀ, ਜਿਸ ਦੀ ਉਪਜ ਪੰਜਾਬ ਵਿਚ 1798 ਕਿਲੋ ਅਤੇ ਭਾਰਤ ਵਿਚ 1043 ਕਿਲੋ ਪ੍ਰਤੀ ਹੈਕਟੇਅਰ ਹੈ ।

ਇਹ ਠੀਕ ਹੈ ਕਿ ਇਨ੍ਹਾਂ ਦੱਸੀਆਂ ਫਸਲਾਂ ਨੂੰ ਭਾਰਤ ਸਰਕਾਰ ਵੱਲੋਂ ਨਹੀਂ ਖਰੀਦਿਆ ਜਾਂਦਾ ਪਰ ਜੇ ਪੰਜਾਬ ਸਰਕਾਰ ਆਪ ਇਨ੍ਹਾਂ ਨੂੰ ਸਰਕਾਰੀ ਤੌਰ 'ਤੇ ਖਰੀਦਣਾ ਸ਼ੁਰੂ ਕਰ ਦੇਵੇ ਅਤੇ ਉਦਯੋਗਿਕ ਉਦਮੀਆਂ ਨੂੰ ਇਹ ਯਕੀਨੀ ਬਣਾਵੇ ਕਿ ਉਨ੍ਹਾਂ ਨੂੰ ਲੋੜੀਂਦੇ ਕੱਚੇ ਮਾਲ ਦੀ ਪੂਰਤੀ ਦੀ ਕਦੀ ਮੁਸ਼ਕਲ ਨਹੀਂ ਆਵੇਗੀ ਤਾਂ ਇਸ ਨਾਲ ਜਿੱਥੇ ਪੰਜਾਬ ਦੀ ਕਿਸਾਨੀ ਦੀ ਮਦਦ ਹੋਵੇਗੀ, ਉੱਥੇ ਵੱਡੀ ਮਾਤਰਾ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ । ਸਰਕਾਰ ਦੀ ਉਦਯੋਗਿਕ ਨੀਤੀ ਦੇ ਅਧੀਨ ਵੱਖ-ਵੱਖ ਖੇਤਰਾਂ ਨੂੰ ਜ਼ੋਨਾਂ ਵਿਚ ਵੰਡ ਕੇ ਉੱਥੇ ਦੀ ਉਪਜ ਦੇ ਅਨੁਸਾਰ ਕਿਸੇ ਜ਼ੋਨ ਤੋਂ ਮੱਕੀ, ਕਿਸੇ ਤੋਂ ਜੌਂ, ਕਿਸੇ ਤੋਂ ਸੂਰਜਮੁਖੀ, ਕਿਸੇ ਤੋਂ ਪਰਾਲੀ, ਕਿਸੇ ਤੋਂ ਮੂੰਗਫਲੀ ਲਏ ਜਾ ਸਕਦੇ ਹਨ । ਕੁਝ ਕੁ ਫਸਲਾਂ ਨੂੰ ਆਪ ਖਰੀਦਣ ਦੀ ਨੀਤੀ ਬਗੈਰ ਕਿਸੇ ਦੇਰੀ ਦੇ ਅਪਨਾ ਲੈਣੀ ਚਾਹੀਦੀ ਹੈ ਕਿਉਂ ਜੋ ਇਹ ਸਭ ਲੋੜੀਂਦੀਆਂ ਵਸਤੂਆਂ ਪੰਜਾਬ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਵੀ ਵਿਕ ਸਕਦੀਆਂ ਹਨ ਅਤੇ ਇਸ ਯਕੀਨੀ ਮੰਡੀਕਰਨ ਦੇ ਬਹੁਤ ਚੰਗੇ ਸਿੱਟੇ ਪ੍ਰਾਪਤ ਹੋ ਸਕਦੇ ਹਨ ।

# ਘਟਦਾ ਪਾਣੀ ਦਾ ਪੱਧਰ



# ਕਾਸ਼ ! ਪੰਜਾਬੀਆਂ ਦੇ ਲਈ ਅਜਿਹਾ ਦਿਨ ਕਦੀ ਨਾ ਆਏ

ਪੰਜਾਬ ਦੀ ਮੌਜੂਦਾ ਹਾਲਤ ਕਿਸੇ ਸੜਕ ਹਾਦਸੇ 'ਚ ਜ਼ਖ਼ਮੀ ਹੋਏ ਉਸ ਵਿਅਕਤੀ ਵਰਗੀ ਬਣਾ ਦਿੱਤੀ ਗਈ ਹੈ, ਜੋ ਖ਼ੂਨ ਨਾਲ ਲਥਪਥ ਸੜਕ ਦੇ ਕੰਢੇ ਪਿਆ ਕਰਾਹ ਰਿਹਾ ਹੈ ਪਰ ਕੋਲੋਂ ਲੰਘਦੇ ਰਾਹਗੀਰ ਉਸਦੀ ਕੋਈ ਸਹਾਇਤਾ ਕਰਨ ਦੀ ਬਜਾਏ, ਇਕ ਪਲ ਉਸ ਕੋਲ ਖੜ੍ਹ ਕੇ ਸਿਰਫ ਇਹ ਕਹਿੰਦੇ ਹੋਏ ਅੱਗੇ ਲੰਘ ਜਾਂਦੇ ਹਨ ਕਿ, ''ਲੱਗਦੈ ਬਚਦਾ ਨਹੀਂ।''

ਦਿਨੋਂ-ਦਿਨ ਘਟਦੇ ਜਾ ਰਹੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਜ਼ਿਕਰ ਹਰ ਰੋਜ਼ ਹੁੰਦਾ ਹੈ। ਮਾਹਿਰਾਂ ਅਨੁਸਾਰ ਸੂਬੇ ਦੇ 138 'ਚੋਂ 109 ਬਲਾਕਾਂ ਦਾ ਪਾਣੀ ਖਤਰਨਾਕ ਹੱਦ ਤੱਕ ਹੇਠਾਂ ਚਲਾ ਗਿਆ ਹੈ। ਪੰਜਾਬੀਆਂ ਨੂੰ ਆਪਣੀਆਂ ਰੋਜ਼ਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਦੇਸ਼ ਦੇ 4 ਮਹਾਨਗਰਾਂ 'ਚੋਂ ਇਕ ਚੇਨਈ ਦੇ ਨਿਵਾਸੀਆਂ ਵਾਂਗ ਦੂਸਰੇ ਸੂਬਿਆਂ ਤੋਂ ਆ ਰਹੀ ਪਾਣੀ ਦੀ ਭਰੀ ਵਿਸ਼ੇਸ਼ ਰੇਲਗੱਡੀ ਦੀ ਉਡੀਕ ਕਰਨੀ ਪੈ ਸਕਦੀ ਹੈ।

ਝੀਲਾਂ ਦੇ ਸ਼ਹਿਰ ਵਜੋਂ ਜਾਣੇ ਜਾਂਦੇ ਬੈਂਗਲੂਰੂ ਦੇ ਬਾਸ਼ਿੰਦਿਆਂ ਦੀ ਵੀ ਇਹ ਹਾਲਤ ਦੇਸ਼ ਵਾਸੀ ਅੱਖੀ ਦੇਖ ਚੁੱਕੇ ਹਨ। ਸ਼ਾਲਾ, ਪੰਜਾਬੀਆਂ ਲਈ ਅਜਿਹਾ ਨਾਮੁਰਾਦ ਦਿਨ ਕਦੀ ਵੀ ਨਾ ਆਵੇ। ਪਰ ਜਦੋਂ ਤੱਕ ਪੰਜਾਬ ਦੀ ਸਰਕਾਰ, ਵਿਰੋਧੀ ਪਾਰਟੀਆਂ, ਵੱਖ-ਵੱਖ ਵਰਗਾਂ ਦੀਆਂ ਨੁਮਾਇੰਦਾ ਜਨਤਕ ਜਥੇਬੰਦੀਆਂ ਤੇ ਪੰਜਾਬ ਦੀ ਸਿਵਿਲ ਸੁਸਾਇਟੀ ਮਿਲ-ਬੈਠ ਕੇ ਇਸ ਗੰਭੀਰ ਮਸਲੇ ਬਾਰੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕਰਕੇ ਪਾਣੀਆਂ ਦੀ ਹੋਂਦ ਅਤੇ ਸ਼ੁੱਧਤਾ ਕਾਇਮ ਰੱਖਣ ਲਈ ਤੁਰੰਤ ਅਮਲੀ ਕਾਰਵਾਈਆਂ ਸ਼ੁਰੂ ਨਹੀਂ ਕਰਦੀਆਂ, ਉਦੋਂ ਤੱਕ ਗੱਲਾਂ ਕਰਨੀਆਂ ਫਜ਼ੂਲ ਹਨ।

ਨੇੜ ਭਵਿੱਖ 'ਚ ਸ਼ਰਤੀਆ ਸੱਚ ਸਿੱਧ ਹੋਣ ਜਾ ਰਹੇ ਇਸ ਡਰਾਉਣੇ ਖੁਆਬ ਤੋਂ ਬਚਣ ਦਾ ਕੋਈ ਰਾਹ ਨਹੀਂ ਨਿਕਲਣਾ। ਬਿਨਾਂ ਸ਼ੱਕ, ਖੇਤੀਬਾੜੀ ਦੇ ਧੰਦੇ ਲਈ ਪਾਣੀ ਇਕ ਬੁਨਿਆਦੀ ਜ਼ਰੂਰਤ ਹੈ। ਪਾਣੀ ਤੋਂ ਬਿਨਾਂ ਖੇਤੀ ਕਰਨੀ ਅਸੰਭਵ ਹੈ ਪ੍ਰੰਤੂ ਪੰਜਾਬ ਦੀ ਧਰਤੀ 'ਤੇ ਵਸਦੇ ਬੇਜ਼ਮੀਨੇ, ਸਾਧਨਹੀਣ ਕਿਰਤੀਆਂ ਤੇ ਵੱਖ-ਵੱਖ ਕਾਰੋਬਾਰਾਂ ਨਾਲ ਜੁੜੇ ਸ਼ਹਿਰਾਂ-ਕਸਬਿਆਂ 'ਚ ਰਹਿੰਦੇ ਲੱਖਾਂ ਲੋਕਾਂ ਲਈ ਵੀ ਤਾਂ 'ਜਲ ਹੀ ਜੀਵਨ ਹੈ' ਯਾਨੀ ਪਾਣੀ ਇਨ੍ਹਾਂ ਦੀ ਜ਼ਿੰਦਗੀ ਦਾ ਵੀ ਮੂਲ ਆਧਾਰ ਹੈ।

ਇਸ ਲਈ ਇਸ ਮਸਲੇ ਦਾ ਹੱਲ ਲੱਭਣ ਵੇਲੇ ਕੇਵਲ ਭੋਂ ਮਾਲਕ ਕਿਸਾਨੀ ਵਲੋਂ ਹੀ ਨਹੀਂ ਸਗੋਂ ਸਮੁੱਚੇ ਪੰਜਾਬੀਆਂ ਦੇ ਹਿੱਤਾਂ ਦਾ ਧਿਆਨ ਰੱਖਣਾ ਹੋਵੇਗਾ। ਇਸ ਮਕਸਦ ਲਈ ਝੋਨੇ ਦੀ ਥਾਂ ਪਾਣੀ ਦੀ ਘੱਟ ਵਰਤੋਂ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਦੀ ਬਿਜਾਈ ਦੀ ਠੋਸ ਯੋਜਨਾਬੰਦੀ ਕਰਨੀ ਹੋਵੇਗੀ। ਅੱਗੋਂ, ਸਰਕਾਰ ਨੂੰ ਕਿਸਾਨ ਸੰਗਠਨਾਂ ਵੱਲੋਂ ਸੁਝਾਏ ਫਾਰਮੂਲੇ ਅਨੁਸਾਰ, ਇਨ੍ਹਾਂ ਫਸਲਾਂ ਦੀ ਲਾਹੇਵੰਦ ਭਾਅ 'ਤੇ ਗਾਰੰਟੀਸ਼ੁਦਾ ਖਰੀਦ ਕਰਨ ਦਾ ਪ੍ਰਬੰਧ ਵੀ ਕਰਨਾ ਪਵੇਗਾ। ਬਦਕਿਸਮਤੀ ਨਾਲ, ਅਜੇ ਤੱਕ ਕਿਸੇ ਵੀ ਧਿਰ ਵੱਲੋਂ ਇਸ ਗੰਭੀਰ ਮਸਲੇ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ।

ਸੂਬੇ ਦਾ ਵਾਤਵਰਣ ਇੰਨਾ ਪ੍ਰਦੂਸ਼ਿਤ ਹੋ ਚੁੱਕਾ ਹੈ ਕਿ ਕਈ ਵਾਰ ਸਾਹ ਲੈਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਥਾਂ-ਥਾਂ ਕੂੜੇ ਦੇ ਢੇਰ ਲੱਗੇ ਹੋਏ ਹਨ। ਓਵਰਫਲੋਅ ਹੋਣ ਕਰਕੇ ਸੀਵਰੇਜ ਦਾ ਗੰਦਾ ਪਾਣੀ ਆਮ ਤੌਰ

**ਮੰਗਤ ਰਾਮ ਪਾਸਲਾ**

'ਤੇ ਗਲੀਆਂ-ਸੜਕਾਂ 'ਤੇ ਇਕੱਠਾ ਹੋ ਕੇ ਬਦਬੂ ਵੰਡ ਰਿਹਾ ਹੁੰਦਾ ਹੈ। ਬੜੇ ਵਾਰੀ ਇਹ ਸੜਾਂਦ ਮਾਰਦਾ ਪਾਣੀ ਲੋਕਾਂ ਦੇ ਘਰਾਂ ਅੰਦਰ ਵੀ ਦਾਖਲ ਹੋ ਜਾਂਦਾ ਹੈ।

ਮੌਜੂਦਾ ਨਾਕਸ ਪ੍ਰਬੰਧ ਦੀ ਨਿੱਘਰੀ ਕਾਰਗੁਜ਼ਾਰੀ ਨੂੰ ਦਰਸਾਉਂਦੀਆਂ, ਸੀਵਰੇਜ ਦੀਆਂ ਪਾਈਪਾਂ ਲੀਕ ਹੋਣ ਜਾਣ ਦੇ ਸਿੱਟੇ ਵਜੋਂ ਗੰਦਗੀ, ਪੀਣ ਵਾਲੇ ਪਾਣੀ ਦੀਆਂ ਪਾਈਪਾਂ 'ਚ ਰਲ ਜਾਣ ਦੀਆਂ ਅਨੇਕਾਂ ਸ਼ਿਕਾਇਤਾਂ ਤਾਂ ਹਰ ਰੋਜ਼ ਹੀ ਸੁਣਦੇ ਹਾਂ ਪ੍ਰੰਤੂ ਅਨੇਕਾਂ ਜਾਨਲੇਵਾ ਬੀਮਾਰੀਆਂ ਫੈਲਾਉਂਦੀ ਇਸ ਸਮੱਸਿਆ ਦਾ ਹੱਲ ਲੱਭੇ ਜਾਣ ਦੇ ਸਰਕਾਰੀ ਉਪਰਾਲੇ ਕਿਧਰੇ ਨਹੀਂ ਦਿਸਦੇ। ਸਰਕਾਰ ਤੇ ਅਫਸਰਸ਼ਾਹੀ ਨੇ ਆਪਣੀ ਅੱਖਾਂ ਤੇ ਕੰਨ ਬੰਦ ਕੀਤੇ ਹੋਏ ਹਨ।

ਸਰਕਾਰਾਂ ਤੇ ਮੁਨਾਫੇ ਦੇ ਭੁੱਖੇ ਧਨਾਢਾਂ ਦੀ ਇਸ ਸੰਵੇਦਨਹੀਣਤਾ ਦਾ ਸ਼ਿਕਾਰ ਉਂਜ ਤਾਂ ਸਾਰੇ ਪੰਜਾਬ ਵਾਸੀ ਹੀ ਹੋ ਰਹੇ ਹਨ, ਪਰ ਇਸ ਪੱਖੋਂ ਸਭ ਤੋਂ ਮੰਦਾ ਹਾਲ ਸਤਲੁਜ ਦਰਿਆ ਦਾ ਪਾਣੀ ਪੀਣ ਵਾਲੇ ਮਾਲਵੇ ਦੇ ਦੱਖਣੀ ਜ਼ਿਲ੍ਹਿਆਂ 'ਚ ਵੱਸਦੇ ਲੋਕਾਂ ਦਾ ਹੈ।

ਮੀਂਹ ਦੇ ਪਾਣੀ ਦਾ ਭੰਡਾਰ ਕਰਨਾ ਅਤੇ ਰੀਸਾਈਕਲ ਕਰਕੇ ਗੰਦੇ ਪਾਣੀ ਨੂੰ ਸ਼ੁੱਧ ਕਰਨ ਦੇ ਉਪਾਅ ਕਰਨੇ ਤਾਂ ਸਰਕਾਰ ਦੇ ਏਜੰਡੇ 'ਤੇ ਉੱਕਾ ਹੀ ਨਹੀਂ ਹਨ। ਮੁੱਖ ਮੰਤਰੀ ਤੇ ਮੰਤਰੀ ਸਾਹਿਬਾਨ ਦਾ ਸਾਰਾ ਜ਼ੋਰ ਤਾਂ ਧਨਵਾਨ ਲੋਕਾਂ ਦੀ ਸੇਵਾ ਕਰਨ ਅਤੇ ਗਰੀਬ ਵਰਗ ਤੋਂ ਬੇਕਿਰਕੀ ਨਾਲ ਟੈਕਸ ਉਗਰਾਹ ਕੇ ਇਕੱਤਰ ਕੀਤੇ ਧਨ ਦੀ ਆਪਣਾ ਅਕਸ ਚਮਕਾਉਣ ਲਈ ਕੀਤੇ ਜਾਂਦੇ ਪ੍ਰਚਾਰ ਰਾਹੀਂ ਬਰਬਾਦੀ ਕਰਨ 'ਤੇ ਹੀ ਲੱਗਾ ਹੋਇਆ ਹੈ।

ਲੋੜਵੰਦ ਲੋਕਾਂ ਨੂੰ ਸਸਤੀ ਤੇ ਮੁਫਤ ਬਿਜਲੀ, ਆਟਾ-ਦਾਲ ਸਕੀਮ ਦੇ ਨਾਲ ਨਾ ਕੇਵਲ ਹੋਰ ਜ਼ਰੂਰੀ ਚੀਜ਼ਾਂ ਸਗੋਂ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਵੀ ਮਿਲਣੀਆਂ ਚਾਹੀਦੀਆਂ ਹਨ ਪਰ ਕੀਮਤੀ ਕਾਰਾਂ-ਕੋਠੀਆਂ ਦੇ ਮਾਲਕ, ਚੰਗੀ-ਚੋਖੀ ਵਿੱਤੀ ਹਾਲਤ ਵਾਲੇ ਲੋਕ ਇਨ੍ਹਾਂ ਸਰਕਾਰੀ ਯੋਜਨਾਵਾਂ ਦੇ ਲਾਭਪਾਤਰੀ ਕਿਉਂ ਬਣਾਏ ਹੋਏ ਹਨ ? ਲੱਖਾਂ ਲੋਕਾਂ ਨੂੰ ਮਰਨ ਪਿੱਛੋਂ ਵੀ ਅਨੇਕਾਂ ਸਰਕਾਰੀ ਸਕੀਮਾਂ ਦਾ ਲਾਭ ਲਗਾਤਾਰ ਕਿਵੇਂ ਤੇ ਕਿਉਂ ਮਿਲੀ ਜਾ ਰਿਹਾ ਹੈ ?

ਜਿਨ੍ਹਾਂ ਹਕੀਕੀ ਗਰੀਬਾਂ-ਲੋੜਵੰਦਾਂ ਦੇ ਹਿੱਸੇ ਦੀ ਸਹਾਇਤਾ ਉਪਰਲੇ ਦਰਜੇ ਦੇ ਇਹ ਖਾਂਦੇ-ਪੀਂਦੇ ਲੋਕ, ਅਫਸਰਾਂ ਤੇ ਰਸੂਖਵਾਨਾਂ ਦੀ ਮਿਲੀਭੁਗਤ ਨਾਲ ਹਜ਼ਮ ਕਰੀ ਜਾ ਰਹੇ ਹਨ, ਕੀ ਉਨ੍ਹਾਂ ਨਾਲ ਇਹ ਘੋਰ ਅਨਿਆਂ ਨਹੀਂ ਕਿ ਸਾਨੂੰ ਖੇਤੀਬਾੜੀ ਲਈ ਬਿਜਲੀ ਮੁਫਤ ਮਿਲਣੀ ਚਾਹੀਦੀ ਹੈ।

ਕਿਸੇ ਸਰਕਾਰੀ ਹਸਪਤਾਲ ਜਾਂ ਲੋਕ ਸੇਵਾ ਨਾਲ ਸੰਬੰਧਤ ਕਿਸੇ ਵੀ ਅਦਾਰੇ ਦਾ ਅਚਨਚੇਤ ਨਿਰੀਖਣ ਕੀਤਿਆਂ ਸਹਿਜੇ ਹੀ ਪਤਾ ਲੱਗ ਸਕਦਾ ਹੈ ਕਿ ਕਿਸੇ ਤਰ੍ਹਾਂ ਇਹ ਅਦਾਰੇ ਲੋੜੀਂਦੀ ਮਸ਼ੀਨਰੀ ਤੇ ਯੰਤਰਾਂ, ਦਵਾਈਆਂ ਅਤੇ ਮਾਹਿਰ ਸਟਾਫ ਤੋਂ ਬਿਨਾਂ ਹੀ 'ਰੱਬ ਆਸਰੇ' ਚੱਲੀ ਜਾ ਰਹੇ ਹਨ। ਪੰਜਾਬ ਦੇ ਅਨੇਕਾਂ ਪਿੰਡਾਂ-ਸ਼ਹਿਰਾਂ ਅੰਦਰ, ਸਰਕਾਰੀ ਹਸਪਤਾਲਾਂ ਤੋਂ ਬਿਨਾਂ ਵਿਦੇਸ਼ਾਂ 'ਚ ਵੱਸਦੇ ਭਾਰਤੀਆਂ (ਐਨ. ਆਰ. ਆਈਜ਼) ਦੇ ਵਡੇਰੇ ਯੋਗਦਾਨ ਨਾਲ ਸ਼ਾਨਦਾਰ ਇਮਾਰਤਾਂ ਵਾਲੇ ਹਸਪਤਾਲ ਵੀ ਖੋਲ੍ਹੇ ਗਏ ਹਨ।

ਹਾਲਾਂਕਿ ਸਰਕਾਰ ਵੱਲੋਂ ਲੋੜੀਂਦੇ ਡਾਕਟਰ, ਸਹਾਇਕ ਸਟਾਫ, ਦਵਾਈਆਂ ਤੇ ਯੰਤਰ ਆਦਿ ਸਪਲਾਈ ਕਰਨ ਦੀ ਜ਼ਿੰਮੇਵਾਰੀ ਤੋਂ ਪਾਸਾ ਵੱਟਣ ਕਾਰਨ ਇਨ੍ਹਾਂ ਬਿਲਡਿੰਗਾਂ 'ਚ ਆਵਾਰਾ ਪਸ਼ੂਆਂ ਅਤੇ ਪੰਛੀਆਂ ਨੇ ਰੈਣ ਬਸੇਰੇ ਤੇ ਆਲ੍ਹਣੇ ਬਣਾਏ ਹੋਏ ਹਨ।

ਜੇਕਰ ਪੰਜਾਬ ਸਰਕਾਰ 'ਮੁਹੱਲਾ ਕਲੀਨਿਕਾਂ' ਦਾ ਡਰਾਮਾ ਕਰਨ ਦੀ ਬਜਾਏ ਪਹਿਲਾਂ ਤੋਂ ਸਥਾਪਿਤ ਸਿਹਤ ਸੇਵਾਵਾਂ ਦੇ ਢਾਂਚੇ ਨੂੰ ਹੀ ਪੈਰਾਂ ਸਿਰ ਕਰ ਦੇਵੇ ਤਾਂ ਪੰਜਾਬ 'ਚ ਅਤੀ ਮਹਿੰਗੇ ਨਿੱਜੀ ਹਸਪਤਾਲਾਂ ਦੇ ਵਿੱਤੋਂ ਬਾਹਰੇ ਖਰਚਿਆਂ ਤੋਂ ਡਰਦੇ, ਇਲਾਜ ਤੋਂ ਬਿਨਾਂ ਤੜਫ-ਤੜਫ ਕੇ ਮੌਤ ਦੇ ਮੂੰਹ ਜਾਣ ਵਾਲੇ ਗਰੀਬ ਤੇ ਹੇਠਲੇ ਮੱਧ ਵਰਗ ਦੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

ਵਿੱਦਿਅਕ ਢਾਂਚੇ ਦੀ ਵੀ ਇਹੋ ਦੁਰਦਸ਼ਾ ਕਰ ਦਿੱਤੀ ਗਈ ਹੈ। ਅਤੀ ਮਹਿੰਗੀ ਹੋ ਚੁੱਕੀ ਵਿੱਦਿਆ ਅੱਜ ਗਰੀਬ ਵੱਸੋਂ ਅਤੇ ਹੇਠਲੇ ਮੱਧਵਰਗ ਦੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕੀ ਹੈ।

ਅਨੇਕਾਂ ਨੌਜਵਾਨ, ਨਿਰਾਸ਼ਾ ਵੱਸ ਗੁੰਮਰਾਹ ਹੋ ਕੇ ਲੁੱਟਾਂ-ਖੋਹਾਂ, ਕਤਲਾਂ ਤੇ ਅਪਰਾਧਿਕ ਵਾਰਦਾਤਾਂ ਅਤੇ ਹੋਰ ਗੈਰ-ਸਮਾਜੀ ਕੰਮਾਂ ਦੇ ਸੂਤਰਧਾਰ ਗੈਂਗਸਟਰਾਂ ਦੇ ਚੜੇ ਚੜ੍ਹ ਕੇ ਸੂਬੇ ਦੀ ਸਮਾਜਿਕ ਤੇ ਸੱਭਿਆਚਾਰਕ ਬਣਤਰ ਨੂੰ ਵਿਗਾੜ ਰਹੇ ਹਨ।

# ਹਵਾ ਦੇ ਪ੍ਰਦੂਸ਼ਣ ਕਾਰਨ ਧਰਤੀ ਤੋਂ ਖਤਮ ਹੋ ਜਾਣਗੇ ਕੀਟ-ਪਤੰਗੇ

ਅਧਿਐਨ ਦੇ ਮੁਤਾਬਕ 1990 ਦੇ ਬਾਅਦ ਤੋਂ ਕੀਟ-ਪਤੰਗਿਆਂ ਦੀ ਆਬਾਦੀ 'ਚ ਲਗਭਗ 25 ਫੀਸਦੀ ਦੀ ਕਮੀ ਆਈ ਹੈ, ਅੰਦਾਜ਼ਾ ਹੈ ਕਿ ਇਹ ਕੀਟ-ਪਤੰਗੇ ਹਰ ਦਹਾਕੇ 'ਚ ਲਗਭਗ 9 ਫੀਸਦੀ ਦਰ ਨਾਲ ਘੱਟ ਹੋ ਰਹੇ ਹਨ।

ਖੋਜੀਆਂ ਦੇ ਅਨੁਸਾਰ ਪ੍ਰਦੂਸ਼ਣ ਕੀਟ-ਪਤੰਗੇ ਦੇ ਐਂਟੀਨਾ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਦਿਮਾਗ ਨੂੰ ਭੇਜੇ ਜਾਣ ਵਾਲੇ ਬਦਬੋ ਸਬੰਧੀ ਪੈਦਾ ਹੋਣ ਵਾਲੇ ਸੰਕੇਤਾਂ ਦੀ ਸ਼ਕਤੀ ਨੂੰ ਘੱਟ ਕਰ ਦਿੰਦਾ ਹੈ। ਕੀਟ-ਪਤੰਗਿਆਂ ਦੇ ਐਂਟੀਨਾ 'ਚ ਬਦਬੋ ਨੂੰ ਫੜਨ ਵਾਲੇ ਰਿਸੈਪਟਰਸ ਹੁੰਦੇ ਹਨ ਜੋ ਭੋਜਨ, ਸਰੋਤ, ਸੰਭਾਵਿਤ ਸਾਥੀ ਅਤੇ ਆਂਡੇ ਦੇਣ ਲਈ ਇਕ ਚੰਗੀ ਥਾਂ ਲੱਭਣ 'ਚ ਮਦਦ ਕਰਦੇ ਹਨ।

ਅਜਿਹੇ 'ਚ ਜੇਕਰ ਕਿਸੇ ਕੀਟ-ਪਤੰਗੇ ਦੇ ਐਂਟੀਨਾ ਪਾਰਟੀਕੁਲੇਟ ਮੈਟਰ ਨਾਲ ਢਕੇ ਹੁੰਦੇ ਹਨ ਤਾਂ ਉਸ ਨਾਲ ਇਕ ਭੌਤਿਕ ਅੜਿੱਕਾ ਪੈਦਾ ਹੋ ਜਾਂਦਾ ਹੈ। ਇਹ ਬਦਬੋ ਨੂੰ ਫੜਨ ਵਾਲੇ ਰਿਸੈਪਟਰਸ ਅਤੇ ਹਵਾ 'ਚ ਮੌਜੂਦ ਬਦਬੋ ਦੇ ਅਣੂਆਂ ਦਰਮਿਆਨ ਹੋਣ ਵਾਲੇ ਸੰਪਰਕ ਨੂੰ ਰੋਕਦਾ ਹੈ।

ਐਂਟੀਨਾਂ 'ਤੇ ਪ੍ਰਦੂਸ਼ਕ ਤੱਤਾਂ ਦੇ ਜੰਮਣ ਕਾਰਨ ਕੀਟ-ਪਤੰਗਿਆਂ ਦਾ ਸੂਚਨਾਤੰਤਰ ਕੰਮ ਕਰਨਾ ਬੰਦ ਕਰ ਦਿੰਦਾ ਹੈ। ਆਪਸ 'ਚ ਸੰਦੇਸ਼ਾਂ ਦਾ ਲੈਣ-ਦੇਣ ਨਹੀਂ ਕਰ ਸਕਦੇ। ਭੋਜਨ, ਆਪਣੇ ਸਾਥੀ ਨੂੰ ਲੱਭਣਾ ਜਾਂ ਆਪਣੇ ਟਿਕਾਣਿਆਂ ਨੂੰ ਲੱਭਣ ਦੀ ਉਨ੍ਹਾਂ ਦੀ ਸ਼ਕਤੀ ਘੱਟ ਹੋ ਜਾਂਦੀ ਹੈ। ਉਨ੍ਹਾਂ ਦੇ ਐਂਟੀਨਾਂ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਕੀਟ-ਪਤੰਗਾ ਇਕ ਜ਼ਿੰਦਾ ਲਾਸ਼ ਬਣ ਜਾਂਦਾ ਹੈ ਜੋ ਸਮੇਂ ਤੋਂ ਪਹਿਲਾਂ ਮਰ ਜਾਂਦਾ ਹੈ। ਕੀਟ-ਪਤੰਗੇ ਦੀ ਸਿਗਨਲਿੰਗ ਪ੍ਰਣਾਲੀ ਡਿਸਟਰਬ ਹੋ ਜਾਂਦੀ ਹੈ।

ਹਵਾ ਪ੍ਰਦੂਸ਼ਣ ਸਿਰਫ ਇਨਸਾਨ ਨੂੰ ਪ੍ਰਭਾਵਿਤ ਕਰ ਰਿਹਾ ਹੈ, ਅਜਿਹਾ ਨਹੀਂ ਹੈ। ਜ਼ਹਿਰੀਲੀਆਂ ਗੈਸਾਂ ਦਾ ਬੁਰਾ ਅਸਰ ਪੂਰੀ ਜੈਵਿਕ ਵੰਨ-ਸੁਵੰਨਤਾ ਦੇ ਖਾਤਮੇ 'ਤੇ ਤੁਲਿਆ ਹੈ। ਇਸੇ ਕੜੀ 'ਚ ਉਹ ਸੂਖਮ ਕੀਟ-ਪਤੰਗੇ ਵੀ ਸ਼ਾਮਲ ਹਨ ਜੋ



ਸਾਨੂੰ ਅਕਸਰ ਹਵਾ 'ਚ ਉੱਡਦੇ ਦਿਸਦੇ ਹਨ। ਇਸ ਸੂਖਮ ਕੀਟ-ਪਤੰਗੇ ਕਚਰੇ ਦਾ ਖਾਤਮਾ ਮਨੁੱਖੀ ਜ਼ਿੰਦਗੀ, ਫਸਲ ਚੱਕਰ ਲਈ ਬੇਹੱਦ ਜ਼ਰੂਰੀ ਹੈ। ਇਨ੍ਹਾਂ ਦੀ ਅਹਿਮੀਅਤ ਮਨੁੱਖੀ ਜ਼ਿੰਦਗੀ 'ਚ ਪ੍ਰਤੱਖ ਤੌਰ 'ਤੇ ਨਜ਼ਰ ਨਹੀਂ ਆਉਂਦੀ ਪਰ ਅਦ੍ਰਿਸ਼ ਤੌਰ 'ਤੇ ਇਹ ਕੀਟ-ਪਤੰਗੇ ਇਨਸਾਨ ਨੂੰ ਹਰ ਪੱਧਰ 'ਤੇ ਪ੍ਰਭਾਵਿਤ ਕਰਦੇ ਹਨ।

ਪਰ ਵਾਯੂਮੰਡਲ 'ਚ ਵਧਦੀ ਪ੍ਰਦੂਸ਼ਣ ਦੀ ਮੋਟੀ ਪਰਤ ਨੇ ਇਨ੍ਹਾਂ ਕੀਟ-ਪਤੰਗਿਆਂ ਦੀ ਜ਼ਿੰਦਗੀ ਡਿਸਟਰਬ ਕਰ ਦਿੱਤੀ ਹੈ। ਕੀਟ-ਪਤੰਗਿਆਂ ਦੇ ਭੋਜਨ ਲੱਭਣ ਤੋਂ ਲੈ ਕੇ ਸਾਥੀ ਨਾਲ ਮਿਲਣ, ਸੰਤਾਨ ਉਤਪਤੀ ਅਤੇ ਵਿਕਾਸ ਦੀ ਪ੍ਰਕਿਰਿਆ ਪ੍ਰਦੂਸ਼ਣ ਕਾਰਨ ਨਸ਼ਟ ਹੋ ਚੁੱਕੀ ਹੈ। ਕੀਟ-ਪਤੰਗਿਆਂ ਦੇ ਸੂਚਨਾ ਤੰਤਰ ਨੂੰ ਧੂੰਏਂ ਅਤੇ ਗੈਸਾਂ ਨੇ ਪ੍ਰਭਾਵਿਤ ਕਰ ਕੇ ਉਨ੍ਹਾਂ ਨੂੰ ਰਾਹ ਤੋਂ ਭਟਕਾ ਦਿੱਤਾ ਹੈ।

ਹਾਲੀਆ ਖੋਜਾਂ ਦੇ ਅਨੁਸਾਰ ਕੀਟ-ਪਤੰਗਿਆਂ ਦੀ ਘਟਦੀ ਆਬਾਦੀ ਲਈ ਪ੍ਰਦੂਸ਼ਣ ਦੇ ਨਾਲ ਸ਼ਹਿਰੀਕਰਨ, ਖੇਤੀ ਖੇਤਰ 'ਚ ਵਧਦੀ ਕੀਟਨਾਸ਼ਕਾਂ ਦੀ ਵਰਤੋਂ ਤੇ ਜਲਵਾਯੂ ਪਰਿਵਰਤਨ ਵਰਗੇ ਕਾਰਨ ਜ਼ਿੰਮੇਵਾਰ ਹਨ।

ਪ੍ਰਦੂਸ਼ਣ ਨਾ ਸਿਰਫ ਸ਼ਹਿਰਾਂ ਦੇ ਨੇੜੇ-ਤੇੜੇ ਸਗੋਂ ਦੂਰ-ਦੁਰਾਡੇ ਦਿਹਾਤੀ ਇਲਾਕਿਆਂ 'ਚ ਵੀ ਇਨ੍ਹਾਂ ਦੀ ਆਬਾਦੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਖੋਜ ਤੋਂ ਪਤਾ ਲੱਗਾ ਹੈ ਕਿ ਪ੍ਰਦੂਸ਼ਣ ਦੇ ਕਾਰਨ ਆਉਣ ਵਾਲੇ ਦਹਾਕਿਆਂ 'ਚ ਦੁਨੀਆ ਦੇ 40 ਫੀਸਦੀ ਕੀਟ-ਪਤੰਗੇ ਖਤਮ ਹੋ ਜਾਣਗੇ। ਧੂੰਆਂ, ਘੱਟਾ, ਧੁੰਦ, ਪੀ. ਐੱਮ ਦੇ ਕਣ ਕੀਟ-ਪਤੰਗੇ ਦੇ ਐਂਟੀਨਾ ਅਤੇ ਰਿਸੈਪਟਰਸ 'ਤੇ ਬੜਾ ਬੁਰਾ ਅਸਰ ਪਾ ਰਹੇ ਹਨ।

ਯੂਨੀਵਰਸਿਟੀ ਆਫ ਮੈਲਬੋਰਨ, ਬੀਜਿੰਗ ਜੰਗਲੀ ਯੂਨੀਵਰਸਿਟੀ ਅਤੇ ਕੈਲੀਫੋਰਨੀਆ ਦੇ ਖੋਜੀਆਂ ਦੇ ਅਧਿਐਨ 'ਚ ਕੀਟ-ਪਤੰਗੇ 'ਤੇ ਪ੍ਰਦੂਸ਼ਣ ਦਾ ਅਸਰ ਅੰਦਾਜ਼ੇ ਤੋਂ ਕਿਤੇ ਵੱਧ ਨਿਕਲਿਆ ਹੈ। ਉਥੇ ਹੀ ਵਿਸ਼ਵ ਸਿਹਤ ਸੰਗਠਨ ਡਬਲਿਊ. ਐੱਚ. ਓ. ਵੱਲੋਂ ਤੈਅ ਮਾਪਦੰਡ ਅਨੁਸਾਰ ਸਾਲਾਨਾ ਔਸਤ ਤੋਂ ਵੱਧ ਹੈ।

ਖੇਤਾਂ, ਬਗੀਚਿਆਂ 'ਚ ਉੱਡਦੇ ਕੀਟ-ਪਤੰਗਿਆਂ ਦਾ ਮੁੱਖ ਕੰਮ ਪਰਾਗਣ ਹੁੰਦਾ ਹੈ। ਇਹ ਫਸਲਾਂ, ਫੁੱਲਾਂ ਨੂੰ ਪਰਾਗਿਤ ਕਰ ਕੇ ਨਵੇਂ ਬੀਜਾਂ ਦਾ ਸੁਧਾਰ ਕਰਦੇ ਹਨ। ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ (ਆਈ. ਯੂ. ਸੀ. ਐੱਨ) ਵੱਲੋਂ ਸੰਕਟਗ੍ਰਸਤ ਪ੍ਰਜਾਤੀਆਂ ਲਈ ਜਾਰੀ ਕੀਤੀ ਜਾਣ ਵਾਲੀ ਰੈੱਡ ਲਿਸਟ 'ਚ ਕੀਟ-ਪਤੰਗਿਆਂ ਦੀਆਂ ਸਿਰਫ 8 ਫੀਸਦੀ ਪ੍ਰਜਾਤੀਆਂ ਹੀ ਸ਼ਾਮਲ ਹਨ।

ਇਕ ਹੋਰ ਅਧਿਐਨ ਦੇ ਅਨੁਸਾਰ 1990 ਦੇ ਬਾਅਦ ਤੋਂ ਕੀਟ-ਪਤੰਗਿਆਂ ਦੀ ਆਬਾਦੀ 'ਚ ਲਗਭਗ 25 ਫੀਸਦੀ ਦੀ ਕਮੀ ਆਈ ਹੈ। ਅੰਦਾਜ਼ਾ ਹੈ ਕਿ ਇਹ ਕੀਟ-ਪਤੰਗੇ ਹਰ ਦਹਾਕੇ 'ਚ ਲਘਭਗ 9 ਫੀਸਦੀ ਦੀ ਦਰ ਨਾਲ ਘੱਟ ਰਹੇ ਹਨ।

ਨਾਈਟ੍ਰਸ ਆਕਸਾਈਡ ਜਾਂ ਓਜ਼ੋਨ ਵਰਗੇ ਗੈਸੀ ਹਵਾ ਪ੍ਰਦੂਸ਼ਕਾਂ ਦੀ ਤੁਲਨਾ 'ਚ ਕਣਾਂ ਵਾਲੇ ਪਦਾਰਥਾਂ ਦਾ ਸੰਪਰਕ ਕੀਟ-ਪਤੰਗਿਆਂ ਅਤੇ ਵਾਤਾਵਰਣੀ ਤੰਤਰ ਲਈ ਵੱਧ ਖਤਰਨਾਕ ਹੋ ਸਕਦਾ ਹੈ। ਇਨਸਾਨ ਨੂੰ ਸਮਝਣਾ ਹੋਵੇਗਾ ਕਿ ਇਹ ਨੰਨ੍ਹੇ ਕੀਟ-ਪਤੰਗੇ, ਤਿੱਤਲੀਆਂ, ਫਲਾਈਜ਼ ਸਾਡੇ ਵਾਤਾਵਰਣੀ ਤੰਤਰ 'ਚ ਕੀਟ-ਪਤੰਗਿਆਂ ਤੇ ਬੀਮਾਰੀ ਦੇ ਨਿਯਮਨ, ਪਰਾਗਣ ਅਤੇ ਪੋਸ਼ਕ ਚੱਕਰ ਰਾਹੀਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਜਿਨ੍ਹਾਂ 'ਚੋਂ ਸਾਰਿਆਂ ਲਈ ਰਸਾਇਣਕ ਸੰਕੇਤਾਂ ਦਾ ਪ੍ਰਭਾਵੀ ਪਤਾ ਲਾਉਣਾ ਜ਼ਰੂਰੀ ਹੈ।

ਸੀਮਾ ਅਗਰਵਾਲ

ਪਾਣੀ ਨੂੰ ਬਚਾਉਣ ਲਈ

# ਫਸਲੀ ਵੰਨ ਸੁਵੰਨਤਾ ਸਮੇਂ ਦੀ ਲੋੜ

ਜਗਦੇਵ ਸ਼ਰਮਾ ਬੁਗਰਾ
ਮੋ. 98727-87243

ਅਨਾਜ ਦੀ ਪੈਦਾਵਾਰ ਵਧਾਉਣ ਲਈ ਤੇ ਖੇਤੀ ਉੱਨਤੀ ਲਈ ਲੁਧਿਆਣਾ ਵਿਚੇ 1962 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਹਰੀ ਕ੍ਰਾਂਤੀ ਦੇ ਨਾਂ ਹੇਠ ਵੱਧ ਝਾੜ ਦੇਣ ਵਾਲੇ ਬੀਜ ਬਾਹਰੋਂ ਦਰਾਮਦ ਕੀਤੇ ਗਏ। ਖੇਤੀ ਦਾ ਮਸ਼ੀਨੀਕਰਨ ਕੀਤਾ ਗਿਆ। ਨਤੀਜਾ, ਦੇਸ਼ ਵਿਚ ਅਨਾਜ ਦੀ ਪੈਦਾਵਾਰ ਵਧਣ ਲੱਗੀ ਤੇ ਦੇਸ਼ ਅੰਨ ਦੇ ਮਾਮਲੇ ਵਿਚ ਆਤਮ ਨਿਰਭਰਤਾ ਵੱਲ ਵਧਣ ਲੱਗਿਆ। 1950-51 ਵਿਚ ਅਨਾਜ ਦੀ ਜਿਹੜੀ ਪੈਦਾਵਾਰ 51 ਮਿਲੀਅਨ ਟਨ ਸੀ, 2020-21 ਦੌਰਾਨ 303 ਮਿਲੀਅਨ ਟਨ 'ਤੇ ਜਾ ਪਹੁੰਚੀ ਹੈ।

ਹਰੀ ਕ੍ਰਾਂਤੀ ਤੋਂ ਪਹਿਲਾਂ ਪ੍ਰੰਪਰਾਵਾਦੀ ਖੇਤੀਬਾੜੀ ਹੁੰਦੀ ਸੀ। ਉਦੋਂ ਹਰ ਕਿਸਾਨ ਪਰਿਵਾਰ ਆਪਣੇ ਪਰਿਵਾਰ ਦੇ ਗੁਜ਼ਾਰੇ ਜੋਗਾ ਅਨਾਜ ਯਾਨੀ ਕਣਕ, ਮੱਕੀ ਚਾਵਲ ਉਗਾਉਂਦਾ ਸੀ। ਗੁੜ ਲਈ ਗੰਨਾ ਤੇ ਖੱਦਰ ਦੇ ਕੱਪੜਿਆਂ ਜੋਗੀ ਕਪਾਹ (ਨਰਮਾ ਨਹੀਂ), ਬੀਜੇ ਜਾਂਦੇ ਸਨ। ਮੂੰਗੀ, ਅਰਹਰ ਜਿਹੀਆਂ ਦਾਲਾਂ ਬੀਜੀਆਂ ਜਾਂਦੀਆਂ ਸਨ। ਤੇਲ ਦੀ ਲੋੜ ਪੂਰੀ ਕਰਨ ਲਈ ਸਰ੍ਹੋਂ, ਤੋਰੀਆ, ਮੂੰਗਫਲੀ, ਅਲਸੀ ਜਿਹੀਆਂ ਫਸਲਾਂ ਦੀ ਕਾਸ਼ਤ ਕੀਤੀ ਜਾਂਦੀ ਸੀ। ਮੈਂ ਸਾਡੇ ਖੇਤਾਂ ਵਿਚ ਘਰੇਲੂ ਸਾਬਣ ਤਿਆਰ ਕਰਨ ਲਈ ਅਰਿੰਡ ਬੀਜੇ ਦੇਖੇ ਹਨ। ਸੌਂਫ ਦੀ ਲੋਕ ਘਰ ਦੀ ਬੀਜ ਲੈਂਦੇ ਸਨ। ਸਬਜ਼ੀਆਂ ਲਈ ਕੱਦੂ, ਬੈਂਗਣ, ਤੋਰੀਆਂ, ਕਰੇਲੇ, ਭਿੰਡੀਆਂ ਤੇ ਮਿਰਚਾਂ ਬੀਜੀਆਂ ਹੁੰਦੀਆਂ ਸਨ। ਸਿਆਲ ਦੀ ਰੁੱਤੇ ਸਰ੍ਹੋਂ ਦਾ ਸਾਗ ਮਨ ਭਾਉਂਦੀ ਸਬਜ਼ੀ ਸੀ। ਹਰ ਕਿਸਾਨ ਦੇ ਖੇਤ ਪਿਆਜ਼, ਲਹਸਨ ਵੀ ਬੀਜੇ ਹੁੰਦੇ। ਪਸ਼ੂਆਂ ਨੂੰ ਬੰਨ੍ਹਣ ਲਈ ਰੱਸੇ ਪੈੜੇ ਜਿਨ੍ਹਾਂ ਕੁ ਸਣ ਸਨੁਕੜਾ ਵੀ ਘਰ ਦਾ ਹੁੰਦਾ ਸੀ। ਖਰਬੂਜ਼ੇ, ਖੱਖੜੀਆਂ, ਜਾਮਣ, ਅੰਬ, ਅਮਰੂਦ, ਬੇਰ ਖੇਤਾਂ 'ਚ ਆਮ ਮਿਲ ਜਾਂਦੇ ਸਨ।



ਹਰੀ ਕ੍ਰਾਂਤੀ ਨਾਲ ਉਪਰੋਕਤ ਸਾਰੀਆਂ ਫਸਲਾਂ ਦੀ ਕਾਸ਼ਤ ਛੱਡ ਕੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਉੱਤਰ ਪੱਛਮੀ ਤਰਾਈ ਵਾਲੇ ਇਲਾਕੇ ਦਾ ਕਿਸਾਨ ਸਿਰਫ ਕਣਕ ਤੇ ਝੋਨੇ ਦੇ ਕੁਚੱਕਰ ਵਿਚ ਫਸ ਕੇ ਰਹਿ ਗਿਆ ਹੈ। ਇਹ ਦੋਵੇਂ ਫਸਲਾਂ ਕਿਸਾਨ ਲਈ ਵਪਾਰਕ ਫਸਲਾਂ ਬਣ ਗਈਆਂ ਹਨ। ਪਰਿਵਾਰ, ਪਸ਼ੂਆਂ ਤੇ ਅਗਲੇ ਸਾਲ ਵਾਸਤੇ ਬੀਜ ਦੇ ਲਈ ਕਣਕ ਘਰ ਰੱਖ ਕੇ, ਬਾਕੀ ਮੰਡੀ ਵਿਚ ਵੇਚ ਦਿੱਤੀ ਜਾਂਦੀ ਹੈ। ਪੰਜਾਬੀਆਂ ਦਾ ਕੁੱਲ ਝੋਨਾ ਮੰਡੀ ਵਿਚ ਹੀ ਵਿਕਦਾ ਹੈ। ਪੰਜਾਬ ਦਾ ਬਹੁਤ ਥੋੜ੍ਹਾ ਇਲਾਕਾ (ਸਿਰਫ ਹੁਸ਼ਿਆਰਪੁਰ) ਮੱਕੀ ਪੈਦਾ ਕਰਦਾ ਹੈ ਤੇ ਪੱਛਮੀ ਬਠਿੰਡਾ ਦੇ ਫਿਰੋਜ਼ਪੁਰ ਜ਼ਿਲ੍ਹੇ ਦਾ ਥੋੜ੍ਹਾ ਹਿੱਸਾ ਨਰਮਾ।

ਪੰਜਾਬ ਸਰਕਾਰ ਦੁਆਰਾ ਖੇਤੀ ਸੈਕਟਰ ਲਈ ਬਿਜਲੀ ਮੁਫਤ ਕੀਤੇ ਜਾਣ ਕਾਰਨ ਕਿਸਾਨਾਂ ਨੇ ਨਹਿਰੀ ਪਾਣੀ ਉੱਪਰ ਨਿਰਭਰਤਾ ਘਟਾ ਕੇ ਧਰਤੀ ਹੇਠੋਂ ਟਿਊਬਵੈੱਲਾਂ ਰਾਹੀਂ ਪਾਣੀ ਖਿੱਚਣ ਨੂੰ ਤਰਜੀਹ ਦਿੱਤੀ ਹੈ। ਜ਼ਿਆਦਾਤਰ ਨਹਿਰੀ ਖਾਲ ਕਿਸਾਨਾਂ ਨੇ ਵਾਹ ਕੇ ਖੇਤਾਂ ਵਿਚ ਰਲਾ ਲਏ ਹਨ। ਪੰਜਾਬ ਦੇ ਕੁੱਲ 149 ਬਲਾਕਾਂ ਵਿਚੋਂ 116 ਬਲਾਕ ਡਾਰਕ ਜ਼ੋਨ ਵਿਚ ਹਨ। ਉਹ ਦਿਨ ਦੂਰ ਨਹੀਂ ਜਦੋਂ ਵਿਚ ਹਨ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿਚ ਪਾਣੀ ਦੀ ਰਾਸ਼ਨਿੰਗ ਸ਼ੁਰੂ ਹੋ ਜਾਏਗੀ।

ਦੂਜੀ ਵੱਡੀ ਸਮੱਸਿਆ ਹੈ ਪ੍ਰਦੂਸ਼ਣ। ਅਕਤੂਬਰ ਨਵੰਬਰ ਦੇ ਮਹੀਨੇ ਝੋਨੇ ਦੀ ਪਰਾਲੀ ਖੇਤਾਂ ਵਿਚ ਹੀ ਜਲਾ ਦਿੱਤੀ ਜਾਂਦੀ ਹੈ। ਅਪ੍ਰੈਲ ਮਈ ਵਿਚ ਕਣਕ ਦੇ ਜ਼ਿਆਦਾਤਰ ਨਾੜ ਦੀ ਤੂੜੀ ਬਣਾ ਲੈਣ ਤੋਂ ਬਾਅਦ ਵੀ ਰਹਿੰਦ-ਖੂੰਹਦ ਜਲਾਉਣ ਤੋਂ ਪਰਹੇਜ਼ ਨਹੀਂ ਕੀਤਾ ਜਾਂਦਾ। ਬੱਚੇ ਬੁੱਢੇ ਬਿਮਾਰਾਂ ਲਈ ਅਜਿਹਾ ਮੌਸਮ ਜਾਨਲੇਵਾ ਵੀ ਸਾਬਤ ਹੁੰਦਾ ਹੈ। ਸੜਕਾਂ ਦੇ ਨੇੜਲੇ ਖੇਤਾਂ ਦਾ ਧੂੰਆਂ ਐਕਸੀਡੈਂਟਾਂ ਦਾ ਕਾਰਨ ਵੀ ਬਣਦਾ ਹੈ। ਜ਼ਿੰਦਗੀ ਬਖ਼ਸ਼ਣ ਵਾਲੇ ਰੁੱਖ ਵੀ ਸਾੜ ਦਿੱਤੇ ਜਾਂਦੇ ਹਨ। ਵਾਤਾਵਰਣ ਦੇ ਵਿਗਾੜ ਨੇ ਪਿਛਲੇ ਸਾਲ ਹੜ੍ਹਾਂ ਨਾਲ ਅਤੇ ਇਸ ਸਾਲ ਗਰਮੀ ਨਾਲ ਲੋਕਾਂ ਦੇ ਨੱਕ ਵਿਚ ਦਮ ਕਰੀ ਰੱਖਿਆ ਹੈ। ਕਿਸਾਨਾਂ ਦੇ ਮਿੱਤਰ ਕੀੜੇ ਪੰਛੀ ਵੀ ਨਾੜ ਨਾਲ ਸੜ ਮਰਦੇ ਹਨ। ਦਿਖਾਵੇ ਖਾਤਰ ਅਫਸਰਸ਼ਾਹੀ ਕੁੱਝ ਕੁ ਕਿਸਾਨਾਂ ਤੇ ਕੇਸ ਦਰਜ ਕਰ ਲੈਂਦੀ ਹੈ ਤੇ ਜੁਰਮਾਨੇ ਕੀਤੇ ਜਾਂਦੇ ਹਨ। ਕਿਸਾਨ ਯੂਨੀਅਨਾਂ ਦਾ ਤਰਕ ਹੈ ਕਿ ਸੜਕਾਂ 'ਤੇ ਭੱਜੇ ਫਿਰਦੇ ਵਾਹਨ ਅਤੇ ਫੈਕਟਰੀਆਂ ਦਾ ਧੂੰਆਂ ਜ਼ਿਆਦਾ ਪ੍ਰਦੂਸ਼ਣ ਫੈਲਾਉਂਦਾ ਹੈ। ਪ੍ਰੰਤੂ ਇਹ ਤਰਕ ਆਮ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਦਾ ਅਧਿਕਾਰ ਕਦਾਚਿਤ ਨਹੀਂ ਦਿੰਦਾ।

ਤੀਜੀ ਸਮੱਸਿਆ ਖਾਦਾਂ, ਸਪਰੇਆਂ ਤੇ ਦਵਾਈਆਂ ਦੀ ਅੰਨ੍ਹੇ ਵਾਹ ਵਰਤੋਂ ਨੇ ਪੌਣ ਤੇ ਧਰਤੀ ਹੇਠਲੇ ਪਾਣੀ ਜ਼ਹਿਰੀਲੇ ਬਣਾ ਦਿੱਤੇ ਹਨ। ਬਹੁਤੀ ਜਨਤਾ ਸਾਹ ਲੈਣ ਦੀ ਬਿਮਾਰੀ ਤੋਂ ਗ੍ਰਸਤ ਹੈ। ਬਠਿੰਡਾ ਇਲਾਕੇ ਦੇ ਬਹੁਤੇ ਪਿੰਡਾਂ ਵਿਚ ਕੈਂਸਰ ਵਰਗੀ ਮਾਰੂ ਬਿਮਾਰੀ ਨੇ ਪੈਰ ਪਸਾਰ ਲਏ ਹਨ। ਇਸ ਬਿਮਾਰੀ ਤੋਂ ਪੀੜਤ ਲੋਕ ਰਾਜਸਥਾਨ ਵਿਚ ਬੀਕਾਨੇਰ ਤੋਂ ਇਲਾਜ ਕਰਵਾਉਣ ਜਾਂਦੇ ਹਨ। ਬੀਕਾਨੇਰ ਜਾਣ ਵਾਲੀ ਟ੍ਰੇਨ ਦਾ ਨਾਂ ਲੋਕਾਂ ਨੇ ਕੈਂਸਰ ਟ੍ਰੇਨ ਹੀ ਰੱਖ ਲਿਆ ਹੈ। ਇਸ ਵਰਤਾਰੇ ਨੇ ਰੰਗਲੇ ਪੰਜਾਬ ਦੀ ਧਰਤੀ ਦੀ ਜਰਖੇਜ਼ ਸ਼ਕਤੀ ਵੀ ਘੱਟ ਕਰ ਦਿੱਤੀ ਹੈ।

ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਇੱਕੋ ਇੱਕ ਇਲਾਜ ਹੈ ਖੇਤੀ ਵਿਭਿੰਨਤਾ। ਕਿਸਾਨ ਨੂੰ ਝੋਨਾ ਕਣਕ ਦੇ ਕੁਚੱਕਰ ਵਿਚੋਂ ਕੱਢ ਕੇ ਹੋਰ ਫਸਲਾਂ ਬੀਜਣ ਲਈ ਉਤਸ਼ਾਹਿਤ ਕਰਨਾ। ਸਾਰੇ ਬੁੱਧੀਜੀਵੀ ਰਾਜਨੀਤਿਕ ਲੋਕ ਅਤੇ ਖੇਤੀ ਵਿਗਿਆਨੀ ਵੀ ਇਸੇ ਗੱਲ 'ਤੇ ਜ਼ੋਰ ਦਿੰਦੇ ਹਨ। ਕਣਕ ਤੇ ਝੋਨਾ, ਕਿਉਂਕਿ ਕਿਸਾਨਾਂ ਲਈ ਵਪਾਰਕ ਫਸਲਾਂ ਬਣ ਗਈਆਂ ਹਨ, ਇਸ ਲਈ ਖੇਤੀ ਵਿਭਿੰਨਤਾ ਅਪਣਾਉਣ ਤੋਂ ਪਹਿਲਾਂ ਇਹ ਵੇਖਣਾ ਹੋਵੇਗਾ ਕਿ ਕੋਈ ਵੀ ਬਦਲ ਦਿੱਤਾ ਜਾਵੇ ਪਰ ਕਿਸਾਨ ਦੀ ਆਮਦਨ ਅਸਰ ਅੰਦਾਜ਼ ਨਹੀਂ ਹੋਣੀ ਚਾਹੀਦੀ। ਬੇਸ਼ੱਕ ਦੇਸ਼ ਵਿਚ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਨਹੀਂ ਹੈ ਪ੍ਰੰਤੂ ਅੱਜ ਦੇ ਦਿਨ ਜ਼ਿਆਦਾਤਰ ਕਿਸਾਨਾਂ ਨੂੰ ਇਨ੍ਹਾਂ ਦੋਵੇਂ ਫਸਲਾਂ ਦੀ ਮੰਡੀਕਰਨ ਦੀ ਕੋਈ ਸਮੱਸਿਆ ਨਹੀਂ ਆਉਂਦੀ ਅਤੇ ਐਮ ਐਸ ਪੀ 'ਤੇ ਸਰਕਾਰੀ ਖਰੀਦ ਯਕੀਨੀ ਹੀ ਹੈ। ਇਸੇ ਲਈ ਕਿਸਾਨ ਇਹ ਫਸਲਾਂ ਬੀਜਣ ਨੂੰ ਤਰਜੀਹ ਦਿੰਦੇ ਹਨ। ਮੇਰੀ ਜਾਚੇ ਜੇਕਰ ਮੌਜੂਦਾ ਸਰਕਾਰਾਂ ਉਪਰੋਕਤ ਅਲਾਮਤਾਂ ਤੋਂ ਨਿਜ਼ਾਤ ਪਾਉਣਾ ਚਾਹੁੰਦੀਆਂ ਹਨ ਤਾਂ ਕਿਸਾਨ ਦੀ ਆਮਦਨ ਬਿਨਾਂ ਪ੍ਰਭਾਵਿਤ ਕੀਤਿਆਂ ਅਤੇ ਬਾਕੀ ਫਸਲਾਂ ਦੀ ਮੰਡੀਕਰਨ ਯਕੀਨੀ ਬਣਾਉਂਦਿਆਂ ਕਿਸਾਨਾਂ ਨਾਲ ਲਿਖਤ ਐਗਰੀਮੈਂਟ ਕਰਕੇ ਅਜਿਹਾ ਕਰ ਸਕਦੀਆਂ ਹਨ। ਜੇਕਰ ਕਿਸਾਨ ਨੂੰ ਕੋਈ ਨੁਕਸਾਨ ਹੁੰਦਾ ਦਿਖਾਈ ਨਾ ਦਿੰਦਾ ਹੋਵੇ, ਤਾਂ ਉਸ ਨੂੰ ਵੀ ਫਸਲੀ ਵੰਨ-ਸੁਵੰਨਤਾ ਅਪਣਾਉਣ ਵਿਚ ਕੋਈ ਇਤਰਾਜ਼ ਨਹੀਂ ਹੋਵੇਗਾ। ਨਕਲੀ ਬੀਜ ਖਾਦਾਂ ਦਵਾਈਆਂ ਅਤੇ ਦਫਤਰਾਂ ਵਿਚਲਾ ਭ੍ਰਿਸ਼ਟਾਚਾਰ ਵੀ ਖੇਤੀ ਵਿਭਿੰਨਤਾ ਦੇ ਰਾਹ ਦੀਆਂ ਰੁਕਾਵਟਾਂ ਹਨ। ਖੇਤੀ ਵਿਭਿੰਨਤਾ ਦੇ ਨਾਲ-ਨਾਲ ਫੂਡ ਪ੍ਰੋਸੈਸਿੰਗ ਇਕਾਈਆਂ ਦੀ ਸਥਾਪਨਾ, ਸਹਾਇਕ ਖੇਤੀ ਧੰਦੇ, ਬਾਗਵਾਨੀ ਆਦਿ ਨੂੰ ਉਤਸ਼ਾਹਿਤ ਕੀਤਾ ਜਾਵੇ।

ਖੇਤੀ ਦੀ ਵੰਨ-ਸੁਵੰਨਤਾ ਇਕੱਲੇ ਧਰਤੀ ਹੇਠਲੇ ਪਾਣੀ ਦੀ ਬੱਚਤ ਨਹੀਂ ਕਰੇਗੀ, ਸਗੋਂ ਪਰਾਲੀ ਸੜਨ ਕਾਰਨ ਪੈਦਾ ਹੋਣ ਵਾਲੇ ਪ੍ਰਦੂਸ਼ਣ ਤੋਂ ਵੀ ਨਿਜਾਤ ਦਿਵਾਏਗੀ। ਮੁਕਾਬਲਤਨ ਝੋਨੇ ਕਣਕ ਦੇ, ਬਾਕੀ ਫਸਲਾਂ ਲਈ ਖਾਦਾਂ ਦਵਾਈਆਂ ਦੀ ਵਰਤੋਂ ਦੀ ਘੱਟ ਲੋੜ ਪਵੇਗੀ ਜਿਸ ਨਾਲ ਖੇਤੀ ਖਰਚਾ ਘਟੇਗਾ ਅਤੇ ਜ਼ਿੰਦਗੀਆਂ ਨੂੰ ਸ਼ੁੱਧ ਪੌਣ-ਪਾਣੀ ਉਪਲੱਬਧ ਹੋਵੇਗਾ। ਰੁੱਖ ਪੰਛੀ, ਕੀੜੇ-ਮਕੌੜੇ ਉਜਾੜੇ ਤੋਂ ਬਚੇ ਰਹਿ ਜਾਣਗੇ। ਪੰਜਾਬ ਸਰਕਾਰ ਭਾਵੇਂ ਕੱਸੀਆਂ, ਖਾਲਾਂ ਦੀ ਸਫਾਈ ਕਰਵਾ ਕੇ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦੇ ਉਪਰਾਲੇ ਕਰ ਰਹੀ ਹੈ ਪਰ ਨਹਿਰੀ ਪਾਣੀ ਦੀ ਬਾਰਾਂ ਮਹੀਨੇ ਤੀਹ ਦਿਨ ਆਮਦ ਨੂੰ ਯਕੀਨੀ ਬਣਾਉਣਾ ਵੀ ਬੜਾ ਜ਼ਰੂਰੀ ਹੈ।

ਅੰਤ ਵਿਚ ਸਿੱਟੇ ਵਜੋਂ ਕਹਿ ਸਕਦੇ ਹਾਂ ਕਿ ਸਰਕਾਰਾਂ ਅਤੇ ਕਿਸਾਨ ਯੂਨੀਅਨਾਂ ਮਿਲ ਕੇ ਬੈਠਣ, ਬੁੱਧੀਜੀਵੀਆਂ, ਵਾਤਾਵਰਨ ਦੇ ਸਹਿਯੋਗ ਨਾਲ ਸਮੱਸਿਆ ਦਾ ਹੱਲ ਲੱਭਣ ਕਿਉਂਕਿ ਅੱਜ ਦੇ ਵਿਗਿਆਨਕ ਯੁੱਗ ਵਿਚ ਅਸੰਭਵ ਕੁਝ ਵੀ ਨਹੀਂ ਹੈ।



### ਹਰੀ ਕ੍ਰਾਂਤੀ ਦੀ ਵੱਡੀ ਅਲਾਮਤ

ਹਰੀ ਕ੍ਰਾਂਤੀ ਨੇ ਜਿੱਥੇ ਦੇਸ਼ ਦੇ ਅੰਨ ਭੰਡਾਰ ਨੱਕੋ-ਨੱਕ ਭਰ ਦਿੱਤੇ ਹਨ ਅਤੇ ਦੇਸ਼ ਅੰਨ ਦੇ ਮਾਮਲੇ ਵਿਚ ਆਤਮ ਨਿਰਭਰ ਹੋ ਗਿਆ ਹੈ ਉੱਥੇ ਇਹ ਆਪਣੇ ਨਾਲ ਬਹੁਤ ਸਾਰੀਆਂ ਅਲਾਮਤਾਂ ਵੀ ਲੈ ਕੇ ਆਈ ਹੈ। ਸਭ ਤੋਂ ਵੱਡੀ ਸਮੱਸਿਆ ਹੈ। ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਦੀ। ਗਿਆਨੀ ਤੇ ਵਿਗਿਆਨੀ ਭਵਿੱਖਬਾਣੀ ਕਰਦੇ ਹਨ ਕਿ ਛੇਤੀ ਹੀ ਪੰਜਾਬ ਰੇਗਿਸਤਾਨ ਬਣ ਜਾਵੇਗਾ। ਪੰਜਾਬ ਵਿਚ ਝੋਨੇ ਦੀ ਕਾਸ਼ਤ ਦੇ ਮੱਦੇ ਨਜ਼ਰ ਧੜਾਧੜ ਟਿਊਬਵੈੱਲ ਲੱਗੇ। ਅੱਜ ਪੰਜਾਬ ਅੰਦਰ ਟਿਊਬਵੈੱਲਾਂ ਦੀ ਗਿਣਤੀ 16 ਲੱਖ ਤੋਂ ਵੱਧ ਹੈ।

---

# ਪਟਿਆਲਾ ਜ਼ਿਲ੍ਹੇ ਦੇ ਸ਼ੇਰਗੜ੍ਹ ਪਿੰਡ ਦਾ ਕਿਸਾਨ ਨਵਦੀਪ ਸਿੰਘ ਸਾਲਾਂ ਤੋਂ ਵਿਦੇਸ਼ੀ ਨਸਲ ਦੀਆਂ ਗਾਂਵਾਂ ਨੂੰ ਵਿਕਸਿਤ ਕਰਨ ਦੇ ਕੰਮ ਵਿੱਚ ਜੁਟਿਆ

## ਆਇਰਸਾਇਰ ਗਾਂ ਦਿੰਦੀ ਹੈ 8.5 ਫੈਟ ਤੱਕ ਦਾ ਦੁੱਧ, 50 ਡਿਗਰੀ ਸੈਲਸੀਅਸ ਤਾਪਮਾਨ ਸਹਿਣ ਕਰਨ ਦੇ ਸਮਰੱਥ

ਪਟਿਆਲਾ ਦੇ ਸ਼ੇਰਗੜ੍ਹ ਪਿੰਡ ਦਾ ਕਿਸਾਨ ਨਵਦੀਪ ਸਿੰਘ ਲੰਬੇ ਸਮੇਂ ਤੋਂ ਪੰਜਾਬ ਵਿੱਚ ਵਿਦੇਸ਼ੀ ਆਇਰਸਾਇਰ ਨਸਲ ਦੀਆਂ ਗਾਂਵਾਂ ਨੂੰ ਵਿਕਸਿਤ ਕਰਨ ਦਾ ਕੰਮ ਕਰ ਰਿਹਾ ਹੈ। ਪਿਛਲੇ ਦਿਨੀਂ ਇੱਥੇ ਖੇਤੀਬਾੜੀ ਵਿਭਾਗ ਦੇ ਕਿਸਾਨ ਮੇਲੇ ਵਿੱਚ ਆਪਣੀਆਂ ਵਿਦੇਸ਼ੀ ਨਸਲ ਦੀਆਂ ਗਾਂਵਾਂ ਦੇ ਸੀਰਮ ਦੀ ਪ੍ਰਦਰਸ਼ਨੀ ਲਗਾਉਣ ਪਹੁੰਚੇ ਕਿਸਾਨ ਨਵਦੀਪ ਸਿੰਘ ਨੇ ਦੱਸਿਆ ਕਿ ਆਇਰਸਾਇਰ ਲਾਲ ਅਤੇ ਸਫੈਦ ਰੰਗ ਦੀਆਂ ਗਾਂਵਾਂ ਦੀ ਇੱਕ ਅਲੱਗ ਨਸਲ ਹੈ। ਇਸ ਦੇ ਲਈ ਉਸਨੇ ਪਹਿਲੀ ਵਾਰ 12 ਸਾਲ ਪਹਿਲਾਂ ਕੈਨੇਡਾ ਤੋਂ ਸੀਰਮ ਆਯਾਤ ਕਰਮਾਇਆ ਸੀ। ਉਦੋਂ ਉਸਨੇ ਆਪਣੇ ਇੱਥੇ ਇਸ ਨਸਲ ਦੀਆਂ ਗਾਂਵਾਂ ਨੂੰ ਤਿਆਰ ਕਰਵਾਇਆ। ਹੁਣ ਇਸਦਾ ਸੀਰਮ ਸੂਬੇ ਦੇ ਅਲੱਗ-ਅਲੱਗ ਜ਼ਿਲ੍ਹਿਆਂ ਵਿੱਚ ਜਾ ਕੇ ਕਿਸਾਨਾਂ ਨੂੰ ਦੇ ਕੇ ਇਸ ਨਸਲ ਨੂੰ ਵਿਕਸਿਤ ਕਰ ਰਹੇ ਹਨ, ਕਿਉਂਕਿ ਇਹ ਨਸਲ ਪੰਜਾਬ ਦੇ ਮੌਸਮ ਦੇ ਹਿਸਾਬ ਨਾਲ ਗਰਮੀ-ਸਰਦੀ ਵਿੱਚ ਆਪਣੇ ਆਪ ਨੂੰ ਆਸਾਨੀ ਨਾਲ ਢਾਲ ਲੈਂਦੀਆਂ ਹਨ ਅਤੇ ਘੱਟ ਤੋਂ ਘੱਟ ਖਰਚ ਵਿੱਚ ਵਧੀਆ ਕੁਆਲਿਟੀ ਦਾ ਦੁੱਧ (ਸਾਢੇ 4 ਤੋਂ ਸਾਢੇ 8 ਫੈਟ ਤੱਕ) ਪ੍ਰਦਾਨ ਕਰਦੀ ਹੈ। ਇਸ ਲਈ ਕਿਸਾਨ ਇਸ ਨੂੰ ਜ਼ਿਆਦਾ ਪਸੰਦ ਕਰ ਰਹੇ ਹਨ। ਕੈਨੇਡਾ, ਆਇਰਲੈਂਡ ਵਿੱਚ ਇਸ ਗਾਂ ਦਾ ਸੀਰਮ ਲਗਭਗ 2 ਹਜ਼ਾਰ ਰੁਪਏ ਤੋਂ 4500 ਰੁਪਏ (ਭਾਰਤੀ ਕਰੰਸੀ ਦੇ ਹਿਸਾਬ ਨਾਲ) ਵਿਕਦਾ ਹੈ। ਇਹ ਸਿਰਫ 200 ਰੁਪਏ ਵਿੱਚ ਕਿਸਾਨਾਂ ਨੂੰ ਉਪਲੱਬਧ ਕਰਵਾ ਰਹੇ ਹਨ। ਪਿਛਲੇ ਸਾਲ ਉਨ੍ਹਾਂ ਨੇ ਰਾਜ ਵਿੱਚ 1 ਹਜਾਰ ਤੋਂ ਜ਼ਿਆਦਾ ਸੀਰਮ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਸੀ।

### 59 ਲੀਟਰ ਤੱਕ ਦਿੰਦੀ ਹੈ ਦੁੱਧ

ਇਹ ਲਾਲ ਭੂਰੇ ਸਫੈਦ ਰੰਗ ਦਾ ਪਸ਼ੂ ਹੈ। ਇਨ੍ਹਾਂ ਗਾਂਵਾਂ ਦੀ ਇਮਊਨਿਟੀ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਇਹ ਜਲਦੀ-ਜਲਦੀ ਬਿਮਾਰ ਨਹੀਂ ਹੁੰਦੀਆਂ। ਇਨ੍ਹਾਂ ਗਾਂਵਾਂ ਨੂੰ 45 ਤੋਂ 50 ਡਿਗਰੀ ਸੈਲਸੀਅਸ ਤਾਪਮਾਨ ਵਿੱਚ ਆਸਾਨੀ ਨਾਲ ਰੱਖਿਆ ਜਾ ਸਕਦਾ ਹੈ। ਇਹ ਗਾਂਵਾਂ ਗਰਮੀ ਵਿੱਚ ਬਿਨਾਂ ਸ਼ੈਡ, ਪੱਖੇ ਦੇ ਵੀ ਰਹਿ ਸਕਦੀਆਂ ਹਨ। ਇਨ੍ਹਾਂ ਦੀ ਦੁੱਧ ਦੇਣ ਦੀ ਸਮਰੱਥਾ ਪ੍ਰਤੀ ਦਿਨ 40 ਤੋਂ 59 ਲੀਟਰ ਤੱਕ ਹੁੰਦੀ ਹੈ। ਇਨ੍ਹਾਂ ਗਾਂਵਾਂ ਦੇ ਦੁੱਧ ਵਿੱਚ ਉੱਚ ਕੁਆਲਿਟੀ ਦਾ ਪ੍ਰੋਟੀਨ ਹੁੰਦਾ ਹੈ। ਇਨ੍ਹਾਂ ਵਿੱਚ ਮੈਸਟਾਈਟਿਸ ਬਿਮਾਰੀ ਦੀ ਸਮੱਸਿਆ ਬਿਲਕੁੱਲ ਜ਼ੀਰੋ ਦੇ ਬਰਾਬਰ ਹੁੰਦੀ ਹੈ। ਇਨ੍ਹਾਂ ਗਾਂਵਾਂ ਵਿੱਚ ਲੰਗੜੇਪਨ ਦੀ ਸਮੱਸਿਆ ਨਹੀਂ ਆਉਂਦੀ ਅਤੇ ਇਨ੍ਹਾਂ ਦਾ ਸਰੀਰਕ ਢਾਂਚਾ, ਖੁਰ, ਟੰਗਾਂ ਬਹੁਤ ਮਜ਼ਬੂਤ ਹੁੰਦੀਆਂ ਹਨ।



### ਸੋਸ਼ਲ ਮੀਡੀਆ 'ਤੇ ਬਣਾਇਆ ਪਲੇਟਫਾਰਮ

ਕਿਸਾਨ ਨਵਦੀਪ ਸਿੰਘ ਦੇ ਅਨੁਸਾਰ ਇਨ੍ਹਾਂ ਗਾਂਵਾਂ ਦਾ ਸੀਰਮ ਵੇਚਣ ਲਈ ਸੋਸ਼ਲ ਮੀਡੀਆ 'ਤੇ ਪਲੇਟਫਾਰਮ ਬਣਾਇਆ ਹੈ। ਪੰਜਾਬ ਤੋਂ ਇਲਾਵਾ ਦੂਰ-ਦੁਰੇਡੇ ਦੇ ਕਿਸਾਨ ਵੀ ਉਨ੍ਹਾਂ ਨਾਲ ਸੰਪਰਕ ਬਣਾ ਰਹੇ ਹਨ। ਪਿਛਲੇ ਮਹੀਨੇ ਉਨ੍ਹਾਂ ਨੇ ਸਿੱਕਿਮ-ਅਸਮ ਵਿੱਚ ਸੀਰਮ ਦੀ ਸਪਲਾਈ ਕੀਤੀ ਹੈ।

# ਆਓ, ਵਾਤਾਵਰਣ ਦਾ ਸੰਤੁਲਨ ਮੁੜ ਕਾਇਮ ਕਰੀਏ

**'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਮਹਾਵਾਕ ਦੇ ਸਤਿਕਾਰ ਅਤੇ ਉਨ੍ਹਾਂ ਦੀ ਰਾਖੀ ਲਈ ਅਸੀਂ ਕੀ ਕੀਤਾ ਹੈ ? ਇਨ੍ਹਾਂ ਦੀ ਬਰਬਾਦੀ ਲਈ ਸਾਡੇ ਦੇਸ਼ ਦੇ ਹਾਕਮ ਵੱਖ-ਵੱਖ ਰੰਗਾਂ ਦੀਆਂ ਰਾਜ ਕਰਨ ਵਾਲੀਆਂ ਪਾਰਟੀਆਂ, ਸਰਮਾਏਦਾਰ ਅਤੇ ਕਾਰਪੋਰੇਟ ਘਰਾਣੇ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਆਪਣਾ ਮੁਨਾਫਾ ਵਧਾਉਣ ਲਈ ਸਾਡੇ ਹੱਥਾਂ ਵਿੱਚ ਮਾਰੂ ਹਥਿਆਰ ਦਿੱਤੇ ਅਤੇ ਅਸੀਂ ਉਨ੍ਹਾਂ ਦੇ ਹੱਥਾਂ ਵਿੱਚ ਖੇਡਦੇ ਗਏ । ਸਰਮਾਏਦਾਰ ਇਨ੍ਹਾਂ ਪਾਰਟੀਆਂ ਨੂੰ ਵੱਡੀਆਂ ਰਕਮਾਂ ਚੰਦੇ ਦੇ ਰੂਪ ਵਿੱਚ ਦਿੰਦੇ ਰਹੇ ਹਨ ਅਤੇ ਹੁਣ ਵੀ ਦੇ ਰਹੇ ਹਨ । ਉਨ੍ਹਾਂ ਦੇ ਦਿੱਤੇ ਚੰਦਿਆਂ ਨਾਲ ਇਹ ਚੋਣਾਂ ਲੜਦੇ ਹਨ ਅਤੇ ਅਸੀਂ ਛੋਟਾਂ ਪਾ ਕੇ ਇਨ੍ਹਾਂ ਕਾਰਪੋਰੇਟ ਪੱਖੀਆਂ ਨੂੰ ਰਾਜ ਸੱਤਾ ਸੌਂਪ ਦਿੰਦੇ ਹਾਂ । ਜਨਤਕ ਖੇਤਰ ਦੇ ਅਦਾਰੇ ਉਨ੍ਹਾਂ ਦੇ ਹਵਾਲੇ ਕਰਨ ਲਈ ਪਾਰਲੀਮੈਂਟ ਅਤੇ ਸੂਬਾ ਅਸੈਂਬਲੀਆਂ ਵਿੱਚ ਉਨ੍ਹਾਂ ਦੇ ਪੱਖ ਵਿੱਚ ਕਾਨੂੰਨ ਘੜੇ ਜਾਂਦੇ ਹਨ । ਜੰਗਲਾਂ ਦੇ ਠੇਕੇ ਕਾਰਪੋਰੇਟ ਨੂੰ ਦਿੱਤੇ ਜਾਂਦੇ ਹਨ । ਜਿੱਥੋਂ ਉਹ ਕੀਮਤੀ ਰੁੱਖ ਅਤੇ ਖਣਿਜ ਪਦਾਰਥ ਕੌਡੀਆਂ ਦੇ ਭਾਅ ਕੱਢ ਕੇ ਆਪਣੇ ਟਿਕਾਣਿਆਂ 'ਤੇ ਜਮ੍ਹਾਂ ਕਰਦੇ ਹਨ ।**



ਅੱਜ ਹਵਾ, ਪਾਣੀ, ਜ਼ਮੀਨ ਤਿੰਨੇ ਪ੍ਰਦੂਸ਼ਿਤ ਹੋ ਚੁੱਕੇ ਹਨ । ਧਰਤੀ ਹੇਠਲਾ ਪੀਣਯੋਗ ਪਾਣੀ ਵੀ ਤੇਜ਼ੀ ਨਾਲ ਖਾਤਮੇ ਵੱਲ ਵੱਧ ਰਿਹਾ ਹੈ । ਕੁਦਰਤ ਹਰ ਖੇਤਰ ਵਿੱਚ ਆਪਣਾ ਸੰਤੁਲਨ ਬਣਾ ਕੇ ਰੱਖਦੀ ਹੈ । ਇਹ ਜ਼ਮੀਨ, ਹਵਾ, ਪਾਣੀ ਸਿਰਫ ਮਨੁੱਖਾਂ ਦੀ ਮਲਕੀਅਤ ਹੀ ਨਹੀਂ ਹੈ । ਇੱਥੇ ਪਸ਼ੂ, ਪੰਛੀ, ਕੀੜੇ-ਮਕੌੜੇ, ਚਾਹੇ ਉਹ ਜ਼ਮੀਨ ਉੱਪਰ ਵਸਦੇ ਹਨ ਜਾਂ ਪਾਣੀ ਵਿੱਚ ਵਸਦੇ ਹਨ, ਉਨ੍ਹਾਂ ਨੂੰ ਵੀ ਤਾਂ ਕੁਦਰਤ ਨੇ ਪੈਦਾ ਕੀਤਾ ਹੈ । ਮਨੁੱਖ ਉਨ੍ਹਾਂ ਦੇ ਰਹਿਣ-ਸਹਿਣ ਦੇ ਟਿਕਾਣੇ ਅਤੇ ਉਨ੍ਹਾਂ ਦੇ ਜਿਊਂਦੇ ਰਹਿਣ ਵਾਲੀ ਖਾਧ ਖੁਰਾਕ ਖੋਹ ਰਿਹਾ ਹੈ ਜਾਂ ਨਸ਼ਟ ਕਰ ਰਿਹਾ ਹੈ ।

ਸਿਰਫ ਕੀੜਿਆਂ ਦੇ ਭੌਣ ਉੱਤੇ ਆਟਾ ਚੌਲ ਪਾਇਆ ਨਹੀਂ ਸਰਨਾ, ਕਬੂਤਰਾਂ, ਤੋਤਿਆਂ, ਚਿੜੀਆਂ ਨੂੰ ਦਾਣਾ ਪਾਉਣ ਦਾ ਕੋਈ ਫਾਇਦਾ ਨਹੀਂ, ਜੇਕਰ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ, ਸ਼ੁੱਧ ਹਵਾ, ਪਾਣੀ ਅਤੇ ਰਹਿਣ-ਸਹਿਣ ਦੇ ਟਿਕਾਣੇ ਉਨ੍ਹਾਂ ਨੂੰ ਨਾ ਮੋੜੇ ਜਾਣ । ਕਿਸਾਨ ਰਸਾਇਣਿਕ ਖਾਦਾਂ ਅਤੇ ਰਸਾਇਣਿਕ ਜ਼ਹਿਰਾਂ ਤੋਂ ਬਿਨਾਂ ਵਿਭਿੰਨਤਾ ਵਾਲੀ ਖੇਤੀ ਕਰਦਾ ਸੀ । ਜਿਹੜੀਆਂ ਚੀਜ਼ਾਂ-ਵਸਤਾਂ ਦੀ ਸਮਾਜ ਨੂੰ ਜ਼ਰੂਰਤ ਸੀ, ਉਸ ਦੀ ਜ਼ਰੂਰਤ ਮੁਤਾਬਿਕ ਹੀ ਪੈਦਾਵਾਰ ਕੀਤੀ ਜਾਂਦੀ ਸੀ । ਅੱਜ ਵਾਤਾਵਰਨ



ਅਤੇ ਪਾਣੀ ਦੇ ਜੋ ਹਾਲਾਤ ਬਣੇ ਹੋਏ ਹਨ, ਜੋ ਸੰਕਟ ਸਾਡੇ ਸਾਹਮਣੇ ਮੌਜੂਦ ਹੈ, ਇਸ ਸੰਕਟ ਲਈ ਦੋਸ਼ੀ ਕੌਣ ਹੈ ? ਉਸ ਦੀ ਨਿਸ਼ਾਨਦੇਹੀ ਕਰਕੇ ਉਸ ਨੂੰ ਇਸ ਗੰਭੀਰ ਤੇ ਨਾ ਬਖਸ਼ੇ ਜਾਣ ਵਾਲੇ ਅਪਰਾਧ ਲਈ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ । ਕੁਝ ਮੁੱਠੀ ਭਰ ਲੋਕਾਂ ਨੇ ਆਪਣੇ ਨਿੱਜੀ ਮੁਨਾਫ਼ਿਆਂ ਖਾਤਰ ਕਰੋੜਾਂ ਲੋਕਾਂ, ਮਾਸੂਮ ਪਸ਼ੂ-ਪੰਛੀਆਂ, ਕੀੜਿਆਂ-ਮਕੌੜਿਆਂ ਦੀ ਜ਼ਿੰਦਗੀ ਨੂੰ ਦਾਅ ਉੱਪਰ ਲਾ ਦਿੱਤਾ ਹੈ । ਰਸਾਇਣਿਕ ਖਾਦਾਂ, ਦਵਾਈਆਂ ਦੇ ਕਾਰਖਾਨੇ ਕਿਨ੍ਹਾਂ ਲੋਕਾਂ ਦੇ ਹਨ ? ਬੀ. ਟੀ. ਬੀਜ ਕਿਨ੍ਹਾਂ ਕੰਪਨੀਆਂ ਦੀ ਖੋਜ ਹੈ ? ਨਾ-ਨਵਿਆਉਣ ਯੋਗ ਸੋਮਿਆਂ 'ਤੇ ਆਧਾਰਿਤ ਅਤੇ ਪ੍ਰਦੂਸ਼ਣ ਫੈਲਾਅ ਕੇ ਊਰਜਾ ਪੈਦਾ ਕਰਨ ਵਾਲੇ ਪਲਾਂਟ ਕਿਸ ਨੇ ਲਾਏ ?

ਸਾਡੇ ਦੇਸ਼ ਅਤੇ ਸੰਸਾਰ ਪੱਧਰ 'ਤੇ ਗਲੋਬਲ ਵਾਰਮਿੰਗ ਦਾ ਦੋਸ਼ੀ ਕੌਣ ਹੈ ? ਪਹਿਲਾਂ ਇਹ ਮੁੱਠੀ ਭਰ ਸਰਮਾਏਦਾਰ ਆਪੋ ਆਪਣੇ ਦੇਸ਼ਾਂ ਦੇ ਲੋਕਾਂ ਦਾ ਸ਼ੋਸ਼ਣ ਕਰਦੇ ਸਨ, ਅੱਜ ਇਨ੍ਹਾਂ ਨੇ ਬਹੁਰਾਸ਼ਟਰੀ ਕੰਪਨੀਆਂ ਬਣਾ ਲਈਆਂ ਹਨ । ਵੱਡੇ ਕਾਰਪੋਰੇਟ ਘਰਾਣੇ ਇਨ੍ਹਾਂ ਦੇ ਨਾਲ ਹਨ । ਸ਼ੁੱਧ ਹਵਾ, ਪਾਣੀ, ਜ਼ਮੀਨ ਬਿਨਾਂ ਮਨੁੱਖਤਾ, ਪਸ਼ੂ-ਪੰਛੀਆਂ ਅਤੇ ਬਨਸਪਤੀ ਦਾ ਵਿਕਾਸ ਸੰਭਵ ਨਹੀਂ ਹੈ । ਜੇਕਰ ਅਜੋਕੇ ਮੋੜ 'ਤੇ ਇਸ ਨੂੰ ਠੱਲ੍ਹ ਨਾ ਪਾਈ ਤਾਂ ਮਾਰੂ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਪਵੇਗਾ । 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਮਹਾਵਾਕ ਦੇ ਸਤਿਕਾਰ ਅਤੇ ਉਨ੍ਹਾਂ ਦੀ ਰਾਖੀ ਲਈ ਅਸੀਂ ਕੀ ਕੀਤਾ ਹੈ ? ਇਨ੍ਹਾਂ ਦੀ ਬਰਬਾਦੀ ਲਈ ਸਾਡੇ ਦੇਸ਼ ਦੇ ਹਾਕਮ ਵੱਖ-ਵੱਖ ਰੰਗਾਂ ਦੀਆਂ ਰਾਜ ਕਰਨ ਵਾਲੀਆਂ ਪਾਰਟੀਆਂ, ਸਰਮਾਏਦਾਰ ਅਤੇ ਕਾਰਪੋਰੇਟ ਘਰਾਣੇ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਆਪਣਾ ਮੁਨਾਫਾ ਵਧਾਉਣ ਲਈ ਸਾਡੇ ਹੱਥਾਂ ਵਿੱਚ ਮਾਰੂ ਹਥਿਆਰ ਦਿੱਤੇ ਅਤੇ ਅਸੀਂ ਉਨ੍ਹਾਂ ਦੇ ਹੱਥਾਂ ਵਿੱਚ ਖੇਡਦੇ ਗਏ । ਸਰਮਾਏਦਾਰ ਇਨ੍ਹਾਂ ਪਾਰਟੀਆਂ ਨੂੰ ਵੱਡੀਆਂ ਰਕਮਾਂ ਚੰਦੇ ਦੇ ਰੂਪ ਵਿੱਚ ਦਿੰਦੇ ਰਹੇ ਹਨ ਅਤੇ ਹੁਣ ਵੀ ਦੇ ਰਹੇ ਹਨ । ਉਨ੍ਹਾਂ ਦੇ ਦਿੱਤੇ ਚੰਦਿਆਂ ਨਾਲ ਇਹ ਚੋਣਾਂ ਲੜਦੇ ਹਨ ਅਤੇ ਅਸੀਂ ਛੋਟਾਂ ਪਾ ਕੇ ਇਨ੍ਹਾਂ ਕਾਰਪੋਰੇਟ ਪੱਖੀਆਂ ਨੂੰ ਰਾਜ ਸੱਤਾ ਸੌਂਪ ਦਿੰਦੇ ਹਾਂ । ਜਨਤਕ ਖੇਤਰ ਦੇ ਅਦਾਰੇ ਉਨ੍ਹਾਂ ਦੇ ਹਵਾਲੇ ਕਰਨ ਲਈ ਪਾਰਲੀਮੈਂਟ ਅਤੇ ਸੂਬਾ ਅਸੈਂਬਲੀਆਂ ਵਿੱਚ ਉਨ੍ਹਾਂ ਦੇ ਪੱਖ ਵਿੱਚ ਕਾਨੂੰਨ ਘੜੇ ਜਾਂਦੇ ਹਨ । ਜੰਗਲਾਂ ਦੇ ਠੇਕੇ ਕਾਰਪੋਰੇਟ ਨੂੰ ਦਿੱਤੇ ਜਾਂਦੇ ਹਨ । ਜਿੱਥੋਂ ਉਹ ਕੀਮਤੀ ਰੁੱਖ ਅਤੇ ਖਣਿਜ ਪਦਾਰਥ ਕੌਡੀਆਂ ਦੇ ਭਾਅ ਕੱਢ ਕੇ ਆਪਣੇ ਟਿਕਾਣਿਆਂ 'ਤੇ ਜਮ੍ਹਾਂ ਕਰਦੇ ਹਨ । ਕੇਂਦਰ ਸਰਕਾਰ ਨੇ ਡੈਮ ਸੇਫਟੀ ਐਕਟ ਰਾਹੀਂ ਹੁਣ ਦਰਿਆਈ ਪਾਣੀ ਅਤੇ ਬਿਜਲੀ ਉੱਪਰ ਕਰਪੋਰੇਟਰਾਂ ਦਾ ਕਬਜ਼ਾ ਕਰਵਾਉਣਾ ਸੋਚ ਲਿਆ ਹੈ । ਬੰਦਿਆਂ ਅਤੇ ਜ਼ਮੀਨਾਂ ਨੂੰ ਕੈਂਸਰ ਵਰਗੇ ਨਾਮੁਰਾਦ ਰੋਗ ਨੇ ਜਕੜ ਲਿਆ ਹੈ । ਸਰਕਾਰ ਦੀ ਮੱਦਦ ਨਾਲ ਜਿਨ੍ਹਾਂ ਨੇ ਸਾਡੀ ਧਰਤੀ 'ਤੇ ਬਰਬਾਦੀ ਦੇ ਝੰਡੇ ਗੱਡੇ ਹਨ, ਉਹ ਅਜੇ ਵੀ ਅਗਾਂਹ ਵੱਧ ਰਹੇ ਹਨ । ਉਹ ਹਰ ਮੁਨਾਫਾ ਦੇਣ ਵਾਲੇ ਸੈਕਟਰ 'ਤੇ ਕਾਬਜ਼ ਹੋਣਾ ਚਾਹੁੰਦੇ ਹਨ । ਲੋਕ ਜਿਊਂਦੇ ਰਹਿਣ ਜਾਂ ਜੋ ਹਾਲਾਤ ਉਨ੍ਹਾਂ ਪੈਦਾ ਕੀਤੇ ਹਨ, ਉਸ ਵਿੱਚ ਤਿਲ-ਤਿਲ ਕਰਕੇ ਮਰ ਜਾਣ, ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਵਾਹ-ਵਾਸਤਾ ਨਹੀਂ । ਮਨੁੱਖਤਾ, ਜੀਵ-ਜੰਤੂਆਂ ਦੇ ਭਲੇ ਦੇ ਨਾਂਅ ਦਾ ਸ਼ਬਦ ਸਰਕਾਰਾਂ ਦੇ ਸ਼ਬਦਕੋਸ਼ ਵਿੱਚੋਂ ਗਾਇਬ ਹੋ ਚੁੱਕਾ ਹੈ । ਨਿੱਜੀ ਮੁਨਾਫੇ ਖਾਤਰ ਕੁਦਰਤ ਨਾਲ ਖਿਲਵਾੜ ਕੀਤਾ ਗਿਆ । ਜੰਗਲ ਵੱਢ ਲਏ ਗਏ । ਰਸਾਇਣਿਕ ਖਾਦਾਂ, ਜ਼ਹਿਰਾਂ ਦੀ ਵਰਤੋਂ ਨੇ ਪਾਣੀ ਅਤੇ ਜ਼ਮੀਨ ਪ੍ਰਦੂਸ਼ਿਤ ਕਰ ਦਿੱਤੇ । ਪਾਣੀ ਦੇ ਰੀਚਾਰਜ ਦੇ ਸੋਮੇ ਖਤਮ ਕਰ ਦਿੱਤੇ ਗਏ । ਧਰਤੀ ਹੇਠਲਾ ਪਾਣੀ ਵੀ ਖਾਤਮੇ ਵੱਲ ਹੈ । ਇਸ ਦੇ ਦੋਸ਼ੀ ਸਾਡੀਆਂ ਵੱਖ-ਵੱਖ ਰੰਗਾਂ ਦੀਆਂ ਸਰਕਾਰਾਂ, ਸਰਮਾਏਦਾਰ ਅਤੇ ਕਾਰਪੋਰੇਟ ਘਰਾਣੇ ਹਨ । ਕੁਦਰਤ ਦਾ ਸੰਤੁਲਨ ਵਿਗਾੜਨ ਦਾ ਇਨ੍ਹਾਂ ਨੇ ਨਾ-ਬਖਸ਼ਣ ਯੋਗ ਗੁਨਾਹ ਕੀਤਾ ਹੈ । ਇਨ੍ਹਾਂ ਨੇ ਜਨਤਾ, ਜੀਵ-ਜੰਤੂਆਂ, ਹਵਾ, ਪਾਣੀ ਅਤੇ ਜ਼ਮੀਨ ਦੀ ਸਿਹਤ ਅਤੇ ਜਾਨ ਨਾਲ ਖਿਲਵਾੜ ਕੀਤਾ ਹੈ । ਇਸ ਦੀ ਸਜ਼ਾ ਇਨ੍ਹਾਂ ਨੂੰ ਮਿਲਣੀ ਚਾਹੀਦੀ ਹੈ । ਪੰਜਾਬ ਵਿੱਚ ਹਵਾ ਵਿੱਚ ਪ੍ਰਦੂਸ਼ਣ ਫੈਲਾਉਣ ਲਈ ਕਿਸਾਨਾਂ ਨੂੰ ਬਦਨਾਮ ਕੀਤਾ ਜਾਂਦਾ ਹੈ, ਜਦੋਂਕਿ ਹਕੀਕਤ ਇਹ ਹੈ ਕਿ ਸਨਅਤ ਸਾਰਾ ਸਾਲ ਹਵਾ ਵਿੱਚ 51 ਫੀਸਦੀ ਪ੍ਰਦੂਸ਼ਣ ਫੈਲਾਉਂਦੀ ਹੈ, ਇਸੇ ਤਰ੍ਹਾਂ ਟਰਾਂਸਪੋਰਟੇਸ਼ਨ ਤੋਂ 25 ਫੀਸਦੀ ਅਤੇ ਕਮਰਸ਼ੀਅਲ ਵਾਤਾਅਨੁਕੂਲਣ ਤੋਂ 11 ਫੀਸਦੀ ਪ੍ਰਦੂਸ਼ਣ ਫੈਲਦਾ ਹੈ । ਕਿਸਾਨ ਹਾੜ੍ਹੀ, ਸਾਉਣੀ ਸਿਰਫ ਕੁਝ ਦਿਨ ਲਈ ਕਣਕ, ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ 4 ਫੀਸਦੀ ਦਾ ਵਾਧਾ ਕਰਦਾ ਹੈ । ਉਸ ਨਾਲ ਵੀ ਨੁਕਸਾਨ ਹੁੰਦਾ ਹੈ । ਉਸ ਨੂੰ ਰੋਕਣ ਲਈ ਅਸੀਂ ਉਪਰਾਲਾ ਕਰ ਸਕਦੇ ਹਾਂ ਅਤੇ ਕਰ ਵੀ ਰਹੇ ਹਾਂ । ਇਸ ਦਾ ਠੋਸ ਹੱਲ ਲੱਭਿਆ ਜਾ ਸਕਦਾ ਹੈ । ਪਰ ਉੱਪਰ ਜੋ ਸਾਰਾ ਸਾਲ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ, ਉਸ ਦਾ ਜਵਾਬ ਕੌਣ ਦੇਵੇਗਾ ? ਉਸ ਦਾ ਠੋਸ ਹੱਲ ਕੌਣ ਪੇਸ਼ ਕਰੇਗਾ ? ਕੋਰੋਨਾ ਦੌਰ ਵਿੱਚ ਜਦ ਸਭ ਕੁਝ ਬੰਦ ਸੀ ਤਾਂ ਜਲੰਧਰ ਦੇ ਕੋਠਿਆਂ ਤੋਂ ਪਹਾੜ ਦਿਸਣ ਲੱਗ ਗਏ ਸੀ । ਕਿਸਾਨਾਂ ਨੇ ਕਣਕ, ਝੋਨੇ ਦੀ ਖੇਤੀ ਉਦੋਂ ਵੀ ਕੀਤੀ ਸੀ । ਪਰ ਕਿਸਾਨਾਂ ਕਰਕੇ ਪ੍ਰਦੂਸ਼ਣ ਵਿੱਚ ਵਾਧਾ ਨਹੀਂ ਹੋਇਆ ਸੀ । ਸਾਲ ਵਿੱਚ ਕਿਸਾਨਾਂ ਵੱਲੋਂ ਸਿਰਫ ਕੁਝ ਦਿਨ ਲਈ ਜੋ 4 ਫੀਸਦੀ ਪ੍ਰਦੂਸ਼ਣ ਫੈਲਾਇਆ ਜਾਂਦਾ ਹੈ, ਉਸ ਨੂੰ ਰੋਕਣ ਲਈ ਸਰਕਾਰ ਕਿਸਾਨਾਂ ਦਾ ਸਾਥ ਦੇਵੇ ਤਾਂ ਇਸ ਨੂੰ ਵੀ ਰੋਕਿਆ ਜਾ ਸਕਦਾ ਹੈ ।

ਕਿਸਾਨ ਜਦੋਂ ਕਣਕ ਦੀ ਵਾਢੀ ਕਰਦਾ ਹੈ ਤਾਂ ਉਸ ਵਕਤ ਉਸ ਨੂੰ ਢਿੰਜਣ (ਢਾਂਚਾ) ਦਾ ਬੀਜ ਮੁਫ਼ਤ ਦੇਵੇ ਅਤੇ ਅੱਠ ਘੰਟੇ ਬਿਜਲੀ ਦੇਵੇ, ਤਾਂ ਜੋ ਕਿਸਾਨ ਢਿੰਜਣ ਬੀਜ ਕੇ ਕਣਕ ਦੀ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਹੀ ਦੱਬ ਦੇਵੇ । ਦੂਸਰਾ ਝੋਨੇ ਦੀ ਪਰਾਲੀ ਸਾੜਨ ਲਈ ਪਰਾਲੀ ਦੀਆਂ ਗੱਠਾਂ ਬੰਨ੍ਹਣ ਵਾਲੀ ਮਸ਼ੀਨ ਨਾਲ ਗੱਠਾਂ ਬੰਨ੍ਹ ਕੇ ਇਸ ਨੂੰ ਇੱਟਾਂ ਦੇ ਭੱਠਿਆਂ ਅਤੇ ਥਰਮਲ ਪਲਾਂਟਾਂ ਨੂੰ ਸਪਲਾਈ ਕੀਤਾ ਜਾ ਸਕਦਾ ਹੈ । ਪ੍ਰਦੂਸ਼ਣ ਵਾਲੇ ਖੇਤ ਵਿੱਚੋਂ ਕਿਸਾਨ ਦੇ ਨਾਂਅ ਉੱਪਰ ਲਕੀਰ ਵੱਜ ਜਾਵੇਗੀ ਅਤੇ ਨਾਲ ਹੀ ਖੇਤਾਂ ਕੰਢੇ ਲੱਗੇ ਰੁੱਖ ਸੜਨ ਤੋਂ ਬਚ ਜਾਣਗੇ । ਕਿਸਾਨਾਂ ਸਿਰੋਂ ਇਹ ਉਲ੍ਹਾਮਾ ਵੀ ਲੱਥ ਜਾਵੇਗਾ ਕਿ ਉਨ੍ਹਾਂ ਨੇ ਆਪਣੀ ਮਾਂ ਦੀ ਹਿੱਕ ਲੂਹ ਦਿੱਤੀ ਹੈ । ਵਾਤਾਵਰਨ ਅਤੇ ਪਾਣੀ ਬਚਾਉਣ ਦਾ ਕਾਰਜ ਕਿਸਾਨਾਂ ਅਤੇ ਆਮ ਲੋਕਾਂ ਨੂੰ ਆਪਣੇ ਹੱਥ ਲੈਣਾ ਪਵੇਗਾ । ਹਰ ਕਿਸਾਨ ਆਪਣੇ ਟਿਊਬਵੈੱਲ 'ਤੇ ਦਸ ਰੁੱਖ ਲਾ ਕੇ ਉਸ ਦਾ ਪਾਲਣ-ਪੋਸ਼ਣ ਕਰੇ । ਹਰ ਸ਼ਹਿਰੀ ਵੱਲੋਂ ਖਾਲੀ ਥਾਂਵਾਂ 'ਤੇ ਬੂਟੇ ਲਾ ਕੇ ਉਨ੍ਹਾਂ ਦੀ ਪਾਲਣਾ ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਰੁੱਖ ਉਗਾ ਕੇ ਪੰਜਾਬ ਨੂੰ ਫਿਰ ਹਰਿਆ-ਭਰਿਆ ਬਣਾਇਆ ਜਾ ਸਕੇ ਅਤੇ ਹਵਾ ਸ਼ੁੱਧ ਕੀਤੀ ਜਾ ਸਕੇ । ਪੰਜਾਬ ਦੇ ਪਾਣੀ ਨੂੰ ਬਚਾਉਣ ਦੇ ਦੋ ਤਰੀਕੇ ਹਨ । ਪੰਜਾਬ ਦਾ ਜਿੰਨੇ ਨਹਿਰੀ ਪਾਣੀ ਉੱਪਰ ਹੱਕ ਹੈ, ਉਹ ਪਾਣੀ ਹਰ ਕਿਸਾਨ ਦੇ ਹਰ ਖੇਤ ਤੱਕ ਪੁੱਜਦਾ ਕੀਤਾ ਜਾਵੇ । ਨਹਿਰੀ ਖਾਲ ਜੋ ਹੁਣ ਸਿਰਫ ਪਟਵਾਰੀ ਦੇ ਛਿਜਰੇ 'ਤੇ ਮੌਜੂਦ ਹਨ, ਉਨ੍ਹਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਜ਼ਮੀਨ ਉੱਪਰ ਮੁੜ ਬਹਾਲ ਕੀਤਾ ਜਾਵੇ । ਦੂਸਰਾ ਪਿੰਡ-ਪਿੰਡ ਵੱਡੇ ਬੋਰ ਕਰਕੇ, ਉਨ੍ਹਾਂ ਵਿੱਚ ਕੋਲਾ ਅਤੇ ਬੱਜਰੀ ਭਰ ਕੇ ਉੱਪਰ ਜਾਲੀ ਲਾ ਕੇ ਬਰਸਾਤੀ ਪਾਣੀ ਧਰਤੀ ਹੇਠ ਭੇਜਿਆ ਜਾਵੇ । ਇਸ ਨਾਲ ਧਰਤੀ ਹੇਠਲਾ ਪਾਣੀ ਹੀ ਨਹੀਂ ਬਚੇਗਾ, ਸਗੋਂ ਪਾਣੀ ਦਾ ਪੱਧਰ ਵੀ ਉੱਪਰ ਆਵੇਗਾ । ਆਓ, ਬਾਬਾ ਨਾਨਕ ਜੀ ਦੇ ਵਾਰਸੋ ਕੁਦਰਤ ਦਾ ਸੰਤੁਲਨ ਦੁਬਾਰਾ ਕਾਇਮ ਕਰੀਏ । ਉਸ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਈਏ ਅਤੇ ਪ੍ਰਦੂਸ਼ਣ ਮੁਕਤ ਪੰਜਾਬ ਦੀ ਉਸਾਰੀ ਕਰੀਏ ।

**ਕੰਵਲਪ੍ਰੀਤ ਸਿੰਘ ਪੰਨੂੰ**



# ਕੀ ਪਾਣੀ ਸੰਕਟ ਕਾਰਨ ਫਸਲਾਂ 'ਚ ਬਦਲਾਅ ਜ਼ਰੂਰੀ ਹੈ?

ਦਵਿੰਦਰ ਕੌਰ ਖੁਸ਼ ਧਾਲੀਵਾਲ
ਮੋਬਾ: 88472-27740

**ਭਾਰਤ ਵਿਚ ਕੁਲ ਵਾਹੀਯੋਗ ਭੋਇੰ 'ਚੋਂ ਇਕ ਚੌਥਾਈ ਭੋਇੰ 'ਤੇ ਸਿਰਫ ਗੰਨਾ ਅਤੇ ਚੌਲ ਹੀ ਬੀਜੇ ਜਾਂਦੇ ਹਨ ਜੋ ਫਸਲਾਂ ਲਈ ਕੁਲ ਵਰਤੇ ਪਾਣੀ ਦਾ 60 ਫੀਸਦੀ ਪੀ ਜਾਂਦੇ ਹਨ। ਬਾਕੀ ਦੀਆਂ ਤਿੰਨ ਚੌਥਾਈ ਫਸਲਾਂ ਸਿਰਫ 40 ਫੀਸਦੀ ਪਾਣੀ ਨਾਲ ਪਲਦੀਆਂ ਹਨ। ਇਸ ਕਰ ਕੇ ਬਾਕੀ ਫਸਲਾਂ ਨੂੰ ਪਾਣੀ ਦੀ ਕਮੀ ਵੀ ਹੋ ਜਾਂਦੀ ਹੈ ਤੇ ਇਸ ਨਾਲ ਪੈਦਾਵਾਰ 'ਤੇ ਵੀ ਅਸਰ ਪੈਂਦਾ ਹੈ। ਭਾਰਤ ਦੀ ਖੇਤੀ ਪੈਦਾਵਾਰ ਘਟਣ ਦਾ ਇਕ ਕਾਰਨ ਮਾਹਰਾਂ ਵਲੋਂ ਇਹ ਵੀ ਮੰਨਿਆ ਜਾਂਦਾ ਹੈ।**

ਪਾਣੀ ਮਨੁੱਖਤਾ ਨੂੰ ਕੁਦਰਤ ਦੀਆਂ ਦਿੱਤੀਆਂ ਅਨਮੋਲ ਦਾਤਾਂ 'ਚੋਂ ਇਕ ਹੈ ਪਰ ਮਨੁੱਖਤਾ ਨੂੰ ਮਿਲੀ ਇਹ ਅਨਮੋਲ ਦਾਤ ਅੱਜ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਭਾਰਤ ਮੁਲਕ ਦੇ 17 ਸੂਬਿਆਂ ਦੇ 256 ਜ਼ਿਲ੍ਹਿਆਂ ਦੇ ਪਾਣੀਆਂ ਦਾ ਪੱਧਰ ਲਾਲ ਘੇਰੇ 'ਚ ਆਇਆ ਹੋਇਆ ਹੈ ਭਾਵ ਲਗਭਗ ਸੋਕੇ ਵਾਲੇ ਹਾਲਾਤ ਬਣੇ ਹੋਏ ਹਨ। ਪੰਜਾਬ ਦੀ ਗੱਲ ਕਰੀਏ ਤਾਂ ਇਸ ਦੇ ਜ਼ਿਆਦਾਤਰ ਬਲਾਕਾਂ ਨੂੰ ਲਾਲ ਘੇਰੇ 'ਚ ਭਾਵ ਧਰਤੀ ਹੇਠਲਾ ਪਾਣੀ ਖਤਮ ਹੋਣ ਵਾਲੇ ਖਿੱਤੇ ਐਲਾਨ ਦਿੱਤਾ ਗਿਆ ਹੈ। ਭਾਵੇਂ ਪਾਣੀ ਇਕ ਨਵਿਆਉਣਯੋਗ ਕੁਦਰਤੀ ਸੋਮਿਆਂ ਦੀ ਮਦ ਹੇਠ ਆਉਂਦੇ ਪਰ ਫਿਰ ਵੀ ਇਹ ਇਕ ਸੀਮਤ ਮਾਤਰਾ 'ਚ ਹੀ ਮੁਹਈਆ ਕੁਦਰਤੀ ਸੋਮਾ ਹੈ। ਧਰਤੀ ਦਾ ਵੱਡਾ ਹਿੱਸਾ ਪਾਣੀ ਹੈ ਪਰ ਇਸ ਕੁਲ ਪਾਣੀ 'ਚੋਂ ਸਿਰਫ 3 ਫੀਸਦੀ ਪਾਣੀ ਹੀ ਸਾਫ ਭਾਵ ਪੀਣਯੋਗ ਤਾਜ਼ਾ ਪਾਣੀ ਹੈ ਤੇ ਇਸ ਚੋਂ ਵੀ 33 ਫੀਸਦੀ ਪਾਣੀ ਕਿਸੇ ਇਕ ਜਾਂ ਦੂਜੇ ਕਾਰਨ ਕਰ ਕੇ ਦੂਸ਼ਿਤ ਹੈ। ਸਾਫ ਤਾਜ਼ੇ ਪਾਣੀ ਦੀ ਇਸ ਬਹੁਤ ਥੋੜੀ ਮਾਤਰਾ ਦੇ ਸਿਰ 'ਤੇ ਪੂਰੀ ਮਨੁੱਖਤਾ ਦਾ ਭਵਿੱਖ ਤੇ ਵਰਤਮਾਨ ਖੜਾ ਹੈ ਜਿਸ ਨਾਲ ਅਸੀਂ ਖੇਤੀ, ਸਨਅਤ ਤੇ ਅਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਦੇ ਹਾਂ। ਪਿਛਲੇ ਸਾਲਾਂ ਦੌਰਾਨ ਲਗਾਤਾਰ ਵੱਧ ਰਹੀ ਵਸੋਂ ਦੀਆਂ ਲੋੜਾਂ, ਵਧਦਾ ਸਨਅਤੀਕਰਨ, ਵਧਦੀ ਖੇਤੀ ਤੇ ਹੋਰਨਾਂ ਸਰਗਰਮੀਆਂ ਨੇ ਪਾਣੀ ਦੀ ਲੋੜ ਨੂੰ ਪਹਿਲਾਂ ਨਾਲੋਂ ਕਈ ਗੁਣਾਂ ਵਧਾ ਦਿੱਤਾ ਹੈ। ਕੁਲ ਸਾਫ ਪਾਣੀ 'ਚੋਂ ਭਾਰਤ ਦੇ ਹਿੱਸੇ ਸਿਰਫ 3% ਪਾਣੀ ਹੀ ਆਉਂਦਾ ਹੈ ਜਦਕਿ ਭਾਰਤ ਦੀ ਆਬਾਦੀ ਦੁਨੀਆਂ ਦੀ ਆਬਾਦੀ ਤੋਂ ਲਗਭਗ 18% ਬਣਦੀ ਹੈ। ਪਾਣੀ ਸੰਕਟ ਦੀ ਗੱਲ ਕਰੀਏ ਤਾਂ ਭਾਰਤ ਵਿਚ ਹਰ ਸਾਲ ਪਾਣੀ ਦਾ ਪੱਧਰ ਕਈ ਕਈ ਥਾਈਂ 4 ਮੀਟਰ ਹੇਠਾਂ ਵਗ ਜਾਂਦਾ ਹੈ। ਭਾਰਤ ਨੂੰ ਸਾਫ ਪੀਣ-ਯੋਗ ਪਾਣੀ ਦੀ ਉਪਲੱਬਧਤਾ ਦਰਜੇਬੰਦੀ ਵਿਚ ਦੁਨੀਆਂ ਦੇ ਸਭ ਤੋਂ ਹੇਠਲੇ ਮੁਲਕਾਂ 'ਚ ਸ਼ਾਮਲ ਕੀਤਾ ਗਿਆ ਹੈ। ਭਾਰਤ ਦੇ 8 ਕਰੋੜ ਦੇ ਕਰੀਬ ਲੋਕਾਂ ਨੂੰ ਸਾਫ ਪਾਣੀ ਮੁਹਈਆ ਨਹੀਂ ਹੈ। ਇਕ ਅੰਦਾਜ਼ੇ ਮੁਤਾਬਕ ਕਿਹਾ ਜਾ ਰਿਹੈ ਕਿ 2030 ਤੱਕ ਭਾਰਤ ਦੀ 50 ਫੀਸਦੀ ਵਸੋਂ ਪੀਣ ਵਾਲੇ ਤਾਜ਼ੇ ਪਾਣੀ ਵੰਨੀਓਂ ਤਰਸੇਗੀ। ਭਾਰਤ ਦੇ ਸਰਕਾਰੀ ਅਦਾਰੇ ਨੀਤੀ ਅਯੋਗ ਮੁਤਾਬਕ ਭਾਰਤ ਦੀ 60 ਕਰੋੜ ਅਬਾਦੀ ਪਾਣੀ ਸੰਕਟ ਦਾ ਸਾਹਮਣਾ ਕਰ ਰਹੀ ਹੈ ਤੇ ਦੇਸ਼ ਦੇ 21 ਵੱਡੇ ਸ਼ਹਿਰ 2020 ਤਕ ਸੋਕੇ ਦੀ ਮਾਰ ਹੇਠ ਆਉਣ ਦੇ ਕਿਆਸੇ ਹਨ। 2030 ਤਕ 40 ਫੀਸਦੀ ਆਬਾਦੀ ਕੋਲ ਸਾਫ ਤਾਜ਼ੇ ਪਾਣੀ ਦੀ ਕੋਈ ਪਹੁੰਚ ਨਹੀਂ ਹੋਵੇਗੀ। 2011 ਦੀ ਮਰਦਮਸ਼ੁਮਾਰੀ ਮੁਤਾਬਕ ਭਾਰਤ ਦੇ 2 ਕਰੋੜ 25 ਲੱਖ ਘਰ ਅਜਿਹੇ ਹਨ ਜਿਨ੍ਹਾਂ ਨੂੰ ਅਪਣੀ ਲੋੜ ਲਈ ਪਾਣੀ ਬਾਹਰੋਂ ਲੈ ਕੇ ਆਉਣਾ ਪੈਂਦਾ ਹੈ। 2050 ਤਕ ਭਾਰਤ ਦੀ ਅਬਾਦੀ ਦੇ ਹਿਸਾਬ ਨਾਲ ਸਾਫ ਪਾਣੀ ਦੀ ਲੋੜ ਲਗਭਗ ਸਵਾਇਆ ਹੋ ਜਾਵੇਗੀ ਜਿਸ ਨਾਲ ਇਸ ਸੰਕਟ ਦੇ ਹੋਰ ਡੂੰਘੇ ਹੋਣ ਦੇ ਕਿਆਸੇ ਲਾਏ ਜਾ ਰਹੇ ਹਨ। ਸਾਡੇ ਸੂਬੇ ਪੰਜਾਬ ਅੰਦਰ ਵੀ ਜ਼ਿਆਦਾਤਰ ਪ੍ਰਸ਼ਾਸਕੀ ਬਲਾਕਾਂ ਦਾ ਪਾਣੀ ਸੁਕ ਚੁੱਕਾ ਹੈ ਜਾਂ ਕਹੀਏ ਕਿ ਸੁੱਕਣ ਵਾਲਾ ਹੀ ਹੈ। ਅੱਜ ਜਦੋਂ ਅਸੀਂ ਇਸ ਪਾਣੀ ਦੇ ਸੰਕਟ ਦੀ ਗੱਲ ਕਰਦੇ ਹਾਂ ਤਾਂ ਲਾਜ਼ਮੀ ਹੈ ਕਿ ਸਿਰਫ ਬੂ-ਦੁਹਾਈ ਪਾਉਣ ਦੀ ਬਜਾਏ ਇਸ ਦੇ ਕਾਰਨਾਂ ਦੀ ਪੜਤਾਲ ਕਰ ਕੇ ਕੁੱਝ ਹੱਲ ਸੁਝਾਏ ਜਾਣ ਅਤੇ ਅਸੀਂ ਇਸ ਪਾਣੀ ਸੰਕਟ ਦੀ ਪੜਤਾਲ ਕਰਦਿਆਂ ਕੁੱਝ ਮਹੱਤਵਪੂਰਨ ਨੁਕਤਿਆਂ 'ਤੇ ਅਪੜਦੇ ਹਾਂ।



## ਗੈਰ ਕੁਦਰਤੀ ਤੇ ਗੈਰ-ਵਿਗਿਆਨਕ ਫਸਲੀ ਗੇੜ

ਭਾਰਤ ਦਾ ਖੇਤੀ ਖੇਤਰ ਕੁਲ ਪਾਣੀ ਵਰਤੋਂ ਦਾ 90 ਫੀਸਦੀ ਵਰਤਦਾ ਹੈ। ਧਰਤੀ ਹੇਠੋਂ ਕੱਢੇ ਕੁਲ ਪਾਣੀ ਦਾ 89 ਫੀਸਦੀ ਸਿੰਚਾਈ ਦੇ ਕੰਮ ਆਉਂਦਾ ਹੈ ਤੇ ਘਰੇਲੂ ਵਰਤੋਂ 9 ਫੀਸਦੀ ਅਤੇ ਬਾਕੀ ਬਚਦਾ ਸਨਅਤੀ ਵਰਤੋਂ ਵਾਸਤੇ 2 ਫੀਸਦੀ ਹਿੱਸਾ ਬਣਦਾ ਹੈ। ਅਸੀਂ ਵੇਖਦੇ ਹਾਂ ਕਿ ਖੇਤੀ ਵਿਚ ਹੀ ਪਾਣੀ ਦੀ ਵਰਤੋਂ ਜ਼ਿਆਦਾ ਹੁੰਦੀ ਹੈ, ਇਸ ਕਰ ਕੇ ਇਸ ਖੇਤਰ ਵਿਚ ਪਾਣੀ ਦੀ ਢੁੱਕਵੀਂ ਤੇ ਸੁਚੱਜੀ ਵਰਤੋਂ ਖਾਸ ਮਾਅਨੇ ਰੱਖਦੀ ਹੈ। ਭਾਰਤ ਵਿਚ ਸਰਕਾਰ ਵਲੋਂ ਘੱਟੋ-ਘੱਟ ਹਮਾਇਤੀ ਮੁੱਲ ਵਾਲੀਆਂ ਫਸਲਾਂ ਦੇ ਵਰਗ ਵਿਚ 23 ਫਸਲਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਸ ਵਿਚ ਸਭ ਤੋਂ ਵੱਧ ਹੈਮੈਤੀ ਭਾਅ ਦੀ ਗਰੰਟੀ ਵਾਲੀਆਂ ਤਿੰਨ ਫਸਲਾਂ ਗੰਨਾ, ਕਣਕ ਅਤੇ ਚੌਲ ਹਨ, ਇਸੇ ਕਰ ਕੇ ਵੀ ਹੋਰਨਾਂ ਫਸਲਾਂ ਦੀ ਬਜਾਏ ਕਿਸਾਨ ਇਨ੍ਹਾਂ ਤਿੰਨ ਫਸਲਾਂ ਨੂੰ ਬੀਜਣ ਨੂੰ ਪਹਿਲ ਦਿੰਦੇ ਹਨ। ਪਰ ਇਹੀ ਉਹ ਫਸਲਾਂ ਹਨ, ਜਿਹੜੀਆਂ ਅੱਜ ਪਾਣੀ ਸੰਕਟ ਨੂੰ ਹੋਰ ਡੂੰਘਾ ਕਰਨ ਦਾ ਇਕ ਵੱਡਾ ਕਾਰਨ ਵੀ ਬਣ ਰਹੀਆਂ ਹਨ ਕਿਉਂਕਿ ਇਨ੍ਹਾਂ ਫਸਲਾਂ ਨੂੰ ਪਾਲਣ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਮਾਹਰਾਂ ਮੁਤਾਬਕ ਇਕ ਕਿੱਲੋ ਚੌਲਾਂ ਨੂੰ ਪਾਲਣ ਵਾਸਤੇ 2800-3500 ਲੀਟਰ ਪਾਣੀ ਅਤੇ ਇਕ ਕਿੱਲੋ ਕਣਕ ਨੂੰ ਪਾਲਣ ਵਾਸਤੇ 1654 ਲੀਟਰ ਪਾਣੀ ਦੀ ਖਪਤ ਹੋ ਜਾਂਦੀ ਹੈ ਜਦਕਿ ਭਾਰਤ ਦੀ 60 ਫੀਸਦੀ ਵਾਹੀਯੋਗ ਭੋਇੰ ਧਰਤੀ ਹੇਠਲੇ ਪਾਣੀ ਨਾਲ ਸਿੰਜੀ ਜਾਂਦੀ ਹੈ ਤਾਂ ਉਪ੍ਰੋਕਤ ਅੰਕੜਿਆਂ ਨੂੰ ਅਸੀਂ ਸਹਿਜੇ ਕਿਆਸ ਸਕਦੇ ਹਾਂ ਕਿ ਇਸ ਕਣਕ, ਚੌਲ ਜਾਂ ਗੰਨੇ ਦੇ ਫਸਲੀ ਗੇੜ ਤਹਿਤ ਹਰ ਰੁੱਤੇ ਅਣਗਿਣਤ ਮਾਤਰਾ 'ਚ ਧਰਤੀ ਹੇਠੋਂ ਪਾਣੀ ਕੱਢਿਆ ਜਾਂਦਾ ਹੈ।

ਇਹੀ ਫਸਲੀ ਗੇੜ ਪੂਰੇ ਭਾਰਤ ਵਿਚ ਧਰਤੀ ਹੇਠਲੇ ਪਾਣੀ ਦੇ ਖਤਰਨਾਕ ਹੱਦ ਤੱਕ ਡਿੱਗਦੇ ਪੱਧਰ ਦਾ ਇਕ ਕਾਰਨ ਬਣਦੇ ਹਨ ਕਿਉਂਕਿ ਕਣਕ, ਚੌਲ ਤੇ ਗੰਨੇ ਵਰਗੀਆਂ ਲੱਖਾਂ ਲੀਟਰ ਪਾਣੀ ਪੀਣੀਆਂ ਫਸਲਾਂ ਮਹਾਂਰਾਸ਼ਟਰ, ਉੱਤਰ ਪ੍ਰਦੇਸ਼, ਪੰਜਾਬ ਤੇ ਹਰਿਆਣੇ ਵਰਗੇ ਸੂਬਿਆਂ ਵਿਚ ਬੀਜੀਆਂ ਜਾਂਦੀਆਂ ਹਨ। ਭਾਰਤ ਵਿਚ ਕੁਲ ਵਾਹੀਯੋਗ ਭੋਇੰ 'ਚੋਂ ਇਕ ਚੌਥਾਈ ਭੋਇੰ 'ਤੇ ਸਿਰਫ ਗੰਨਾ ਅਤੇ ਚੌਲ ਹੀ ਬੀਜੇ ਜਾਂਦੇ ਹਨ ਜੋ ਫਸਲਾਂ ਲਈ ਕੁਲ ਵਰਤੇ ਪਾਣੀ ਦਾ 60 ਫੀਸਦੀ ਪੀ ਜਾਂਦੇ ਹਨ। ਬਾਕੀ ਦੀਆਂ ਤਿੰਨ ਚੌਥਾਈ ਫਸਲਾਂ ਸਿਰਫ 40 ਫੀਸਦੀ ਪਾਣੀ ਨਾਲ ਪਲਦੀਆਂ ਹਨ। ਇਸ ਕਰ ਕੇ ਬਾਕੀ ਫਸਲਾਂ ਨੂੰ ਪਾਣੀ ਦੀ ਕਮੀ ਵੀ ਹੋ ਜਾਂਦੀ ਹੈ ਤੇ ਇਸ ਨਾਲ ਪੈਦਾਵਾਰ 'ਤੇ ਵੀ ਅਸਰ ਪੈਂਦਾ ਹੈ। ਭਾਰਤ ਦੀ ਖੇਤੀ ਪੈਦਾਵਾਰ ਘਟਣ ਦਾ ਇਕ ਕਾਰਨ ਮਾਹਰਾਂ ਵਲੋਂ ਇਹ ਵੀ ਮੰਨਿਆ ਜਾਂਦਾ ਹੈ।

ਮਹਾਂਰਾਸ਼ਟਰ ਸੂਬੇ ਦੀ ਗੱਲ ਕਰੀਏ ਤਾਂ ਇਹ ਸੂਬਾ ਪੂਰੇ ਭਾਰਤ ਦਾ ਕੁੱਲ 'ਚੋਂ 40 ਫੀਸਦੀ ਗੰਨਾ ਪੈਦਾ ਕਰਦਾ ਹੈ, ਇਹ ਸਾਰੀ ਦੀ ਸਾਰੀ ਫਸਲ ਪੂਰੀ ਤਰ੍ਹਾਂ ਧਰਤੀ ਹੇਠਲੇ ਪਾਣੀ 'ਤੇ ਹੀ ਪਲਦੀ ਹੈ ਜਦਕਿ ਉਸੇ ਵੇਲੇ ਮਹਾਂਰਾਸ਼ਟਰ ਭਿਅੰਕਰ ਪਾਣੀ ਸੰਕਟ, ਲਗਭਗ ਸੋਕੇ ਵਰਗੀ ਹਾਲਤ ਨਾਲ ਵੀ ਜੂਝ ਰਿਹਾ ਹੈ ਜਦਕਿ ਖੇਤੀ ਮਾਹਰਾਂ ਦਾ ਮੰਨਣਾ ਹੈ ਕਿ ਗੰਨੇ ਵਰਗੀ ਫਸਲ ਨੂੰ ਮਹਾਂਰਾਸ਼ਟਰ ਜਾਂ ਕਰਨਾਟਕਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਵਰਗੇ ਪਾਣੀਆਂ ਦੀ ਘਾਟ ਵਾਲੇ ਸੂਬਿਆਂ 'ਚ ਬੀਜਣ ਦੀ ਬਜਾਏ, ਪਾਣੀ ਦੀ ਕੁਦਰਤੀ ਬਹੁਤਾਤ ਵਾਲੇ ਖਿੱਤਿਆਂ ਜਿਵੇਂ ਬਿਹਾਰ ਅਤੇ ਪੂਰਬੀ ਉੱਤਰ ਪ੍ਰਦੇਸ਼ ਵਿਚ ਬੀਜਣਾ ਚਾਹੀਦਾ ਹੈ। ਪਰ ਬਿਹਾਰ ਪੂਰੇ ਦੇਸ਼ ਦੇ ਕੁਲ ਗੰਨਾ ਪੈਦਾਵਾਰ 'ਚੋਂ ਸਿਰਫ 4 ਫੀਸਦੀ ਹੀ ਪੈਦਾ ਕਰਦਾ ਹੈ। ਗੰਨਾ 14 ਮਹੀਨਿਆਂ ਦੀ ਇਕ ਫਸਲੀ ਗੇੜ ਵਿਚ 2.25 ਕਰੋੜ ਲੀਟਰ ਪਾਣੀ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਪੀਂਦਾ ਹੈ। ਇਸ ਪੱਖੋਂ ਮਹਾਂਰਾਸ਼ਟਰ ਵਰਗੇ ਸੂਬੇ ਵਿਚ ਗੰਨਾ ਬੀਜਣਾ ਸੋਕੇ ਨੂੰ ਸੱਦਾ ਦੇਣਾ ਹੈ। ਮਹਾਂਰਾਸ਼ਟਰ 'ਚ ਗੰਨਾ ਬਿਜਾਈ ਹੇਠਲਾ ਰਕਬਾ 1970-71 'ਚ 1,67,000 ਹੈਕਟੇਅਰ ਤੋਂ ਵੱਧ ਕੇ 2011-12 'ਚ 10,22,000 ਹੈਕਟੇਅਰ ਹੋ ਗਿਆ ਹੈ।

ਇਹੀ ਕਹਾਣੀ ਦੇਸ਼ ਦੇ ਸੂਬੇ ਪੰਜਾਬ ਦੀ ਵੀ ਹੈ ਜੋ ਪੂਰੇ ਭਾਰਤ ਵਿਚ ਚੌਲਾਂ ਦਾ ਤੀਜਾ ਵੱਡਾ ਪੈਦਾਕਾਰ ਹੈ। ਪੰਜਾਬ ਵਿਚ ਚੌਲਾਂ ਦਾ 80 ਫੀਸਦੀ ਰਕਬਾ ਧਰਤੀ ਹੇਠਲੇ ਪਾਣੀ ਨਾਲ ਹੀ ਸਿੰਜਿਆ ਜਾਂਦਾ ਹੈ। ਪੰਜਾਬ ਦੀ ਭੋਇੰ ਭਾਵੇਂ ਉਪਜਾਊ ਹੈ, ਪਰ ਚੌਲਾਂ ਦੀ ਫਸਲ ਪੰਜਾਬ ਵਿਚ ਪ੍ਰਤੀ ਕਿਲੋ ਦੇ ਹਿਸਾਬ ਨਾਲ ਬਿਹਾਰ ਨਾਲੋਂ ਤਿੰਨ ਗੁਣਾ ਪਾਣੀ ਜ਼ਿਆਦਾ ਪੀਂਦੀ ਹੈ ਅਤੇ ਪੱਛਮੀ ਬੰਗਾਲ ਨਾਲੋਂ ਦੁਗਣਾ ਪਾਣੀ ਜ਼ਿਆਦਾ ਪੀਂਦੀ ਹੈ। ਇਹੀ ਕਾਰਨ ਹੈ ਕਿ ਪੰਜਾਬ ਸੂਬੇ ਦੇ 76 ਫੀਸਦੀ ਪ੍ਰਸ਼ਾਸਕੀ ਬਲਾਕਾਂ ਨੂੰ ਲਾਲ ਘੇਰੇ, ਭਾਵ ਪਾਣੀ ਦੀ ਭਿਅੰਕਰ ਕਮੀ ਵਾਲੇ ਬਲਾਕ ਵਿਚ ਐਲਾਨ ਦਿੱਤਾ ਗਿਆ ਹੈ। ਦੂਜੇ ਪਾਸੇ ਅਸਾਮ, ਪੱਛਮੀ ਬੰਗਾਲ, ਬਿਹਾਰ ਤੇ ਉੜੀਸਾ ਦੀ ਭੋਇੰ ਜਿੱਥੇ ਸਾਲਾਨਾ ਮੀਂਹ ਬਹੁਤ ਜ਼ਿਆਦਾ ਪੈਂਦੇ ਹਨ, ਇਹੋ ਜਿਹੀਆਂ ਪਾਣੀ ਪੀਣੀਆਂ ਫਸਲਾਂ ਬੀਜਣ ਲਈ ਢੁੱਕਵੀਂ ਹੈ। ਇਥੇ ਇਨ੍ਹਾਂ ਫਸਲਾਂ ਨੂੰ ਬੀਜਣ ਵਾਸਤੇ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਬਹੁਤ ਘੱਟ ਹੋਵੇਗੀ। ਪਰ ਅਪਣੀਆਂ ਸਰਮਾਏਦਾਰਾ ਪੱਖੀ, ਮਨੁੱਖ-ਦੋਖੀ-ਕੁਦਰਤ-ਦੋਖੀ ਨੀਤੀਆਂ ਤਹਿਤ ਸਰਕਾਰਾਂ ਕੁਦਰਤੀ ਮਾਹੌਲ ਮੁਤਾਬਕ ਫਸਲਾਂ ਦੀ ਬਿਜਾਈ ਨੂੰ ਹੱਲਾਸ਼ੇਰੀ ਦੇਣ, ਉਨ੍ਹਾਂ ਲਈ ਮੰਡੀ ਮੁਹਈਆ ਕਰਵਾਉਣ ਤੋਂ ਲਗਾਤਾਰ ਕੰਨੀ ਕਤਰਾਉਂਦੀਆਂ ਰਹੀਆਂ ਹਨ। ਮਹਾਂਰਾਸ਼ਟਰ ਵਿਚ ਖੰਡ ਮਿੱਲਾਂ ਬਣਨ ਨਾਲ ਕਿਸਾਨਾਂ ਨੂੰ ਗੰਨਾ ਬੀਜਣ ਲਈ ਮਜਬੂਰ ਹੋਣਾ ਪਿਆ। ਇਹੀ ਹਾਲਤ ਸੂਬੇ ਪੰਜਾਬ, ਹਰਿਆਣਾ ਦੀ ਹੈ। ਮੱਕੀ, ਬਾਜਰਾ, ਗਵਾਰਾ, ਸਰ੍ਹੋਂ ਵਰਗੀਆਂ ਮੋਟੇ ਅੰਨ ਵਾਲੀਆਂ ਰਵਾਇਤੀ ਫਸਲਾਂ ਬੀਜਣ ਵਾਲਾ ਇਹ ਖਿੱਤਾ ਅੱਜ ਚੌਲ, ਕਣਕ ਦੀ ਖੇਤੀ ਕਰਨ ਲਈ ਮਜਬੂਰ ਹੈ ਕਿਉਂਕਿ ਰਵਾਇਤੀ ਫਸਲਾਂ ਦੇ ਮੰਡੀਕਰਨ ਲਈ ਸਰਕਾਰਾਂ ਵਲੋਂ ਕੋਈ ਠੋਸ ਨੀਤੀ ਨਹੀਂ ਹੈ ਅਤੇ ਕਣਕ, ਚੌਲ ਵਰਗੀਆਂ ਫਸਲਾਂ ਬੀਜਣ ਲਈ ਕਿਹਾ ਜਾਂਦਾ ਹੈ ਜੋ ਪੰਜਾਬ-ਹਰਿਆਣੇ ਦੇ ਜ਼ਮੀਨੀ ਪਾਣੀਆਂ ਦੇ ਡਿੱਗਦੇ ਪੱਧਰਾਂ ਦਾ ਕਾਰਨ ਬਣਦਾ ਹੈ। ਪੰਜਾਬ ਵਿਚ ਕੁਲ ਰਕਬੇ 'ਚੋਂ 62 ਫੀਸਦ ਹਿੱਸੇ 'ਤੇ ਚੌਲ ਬੀਜੇ ਜਾਂਦੇ ਹਨ ਜਦਕਿ 1970 'ਚ ਚੌਲਾਂ ਹੇਠਲਾ ਰਕਬਾ ਸਿਰਫ 10 ਫੀਸਦੀ ਸੀ। ਹਰਿਆਣਾ ਵਿਚ ਇਸੇ ਫੀਸਦੀ ਵਿਚ ਹੀ ਚੌਲਾਂ ਹੇਠਲਾ ਰਕਬਾ ਵਧਿਆ ਹੈ ਪਰ ਇਨ੍ਹਾਂ ਬਦਲਵੀਆਂ ਫਸਲਾਂ ਲਈ ਮੰਡੀਕਰਨ ਤੇ ਕੀਮਤਾਂ ਤੈਅ ਕਰਨ ਦੀ ਕੋਈ ਠੋਸ ਨੀਤੀ ਨਹੀਂ ਪੇਸ਼ ਕੀਤੀ। ਇਹੀ ਵਜ੍ਹਾ ਹੈ ਕਿ 1970 ਵਿਆਂ ਵਿਚ ਪੰਜਾਬ ਵਿਚ ਜਿੱਥੇ ਪੰਜ ਫੁੱਟ ਪੁੱਟਣ 'ਤੇ ਪਾਣੀ ਨਿਕਲ ਆਉਂਦਾ ਸੀ, ਅੱਜ 300-400-500 ਫੁੱਟ ਤੋਂ ਵੀ ਜ਼ਿਆਦਾ ਡੂੰਘੇ ਬੋਰ ਕਰਨੇ ਪੈਂਦੇ ਹਨ। ਸਰ੍ਹੋਂ, ਮੱਕੀ, ਬਾਜਰਾ ਵਰਗੀਆਂ ਘੱਟ ਪਾਣੀ ਨਾਲ ਪਲਣ ਵਾਲੀਆਂ ਫਸਲਾਂ ਦੀ ਬਿਜਾਈ ਨੂੰ ਹੱਲਾਸ਼ੇਰੀ ਦਿੱਤੀ ਜਾਣੀ ਚਾਹੀਦੀ ਹੈ। ਪਾਣੀ ਸੰਕਟ ਨਾਲ ਜੂਝ ਰਹੇ ਖਿੱਤਿਆਂ ਵਿਚ ਚੌਲ, ਕਣਕ ਤੇ ਗੰਨੇ ਵਰਗੀਆਂ ਫਸਲਾਂ 'ਤੇ ਰੋਕ ਲਾਉਣੀ ਚਾਹੀਦੀ ਹੈ। ਖੇਤੀ-ਮੌਸਮੀ ਖਿੱਤਿਆਂ ਵਿਚ ਪਾਣੀ ਮੁਤਾਬਕ ਪੈਦਾਵਾਰਤਾ ਦੇ ਹਿਸਾਬ ਨਾਲ ਫਸਲਾਂ ਦੀ ਚੋਣ ਤੇ ਵੰਡ ਕਰਨੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਵੱਧ ਤੋਂ ਵੱਧ ਦਰੱਖਤ ਲਗਾ ਕੇ, ਪਾਰਕਾਂ ਦੀ ਉਸਾਰੀ ਕਰ ਕੇ ਪਣ-ਚੱਕਰ ਦੀ ਕੁਦਰਤੀ ਪ੍ਰਕਿਰਿਆ ਨੂੰ ਬਣਾਈ ਰੱਖਣਾ ਚਾਹੀਦਾ ਹੈ, ਮੀਂਹਾਂ ਦੇ ਕੁਲ ਪਾਣੀ ਨੂੰ ਸਾਂਭਣ ਦੇ ਉਪਰਾਲੇ ਕਰਨੇ ਚਾਹੀਦੇ ਹਨ, ਪਾਣੀ ਦੇ ਕੁਦਰਤੀ ਸੋਮਿਆਂ ਨੂੰ ਸਾਂਭਣਾ ਚਾਹੀਦਾ ਹੈ। ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਬਜਾਏ ਸਤਿਹ ਉਤਲੇ ਪਾਣੀ, ਮੀਂਹਾਂ ਦੇ ਪਾਣੀ ਆਦਿ ਦੀ ਵਰਤੋਂ 'ਤੇ ਜ਼ੋਰ ਦੇਣਾ ਚਾਹੀਦਾ ਹੈ। ਪਾਣੀ ਦੀ ਮੁੜ ਵਰਤੋਂ ਦੇ ਉਪਰਾਲੇ ਕਰਨੇ ਚਾਹੀਦੇ ਹਨ। ਪਾਣੀ ਦੇ ਸੋਮਿਆਂ ਨੂੰ ਹਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਬਚਾਉਣ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਸ ਤਰ੍ਹਾਂ ਵਿਉਂਤਬੱਧ ਢੰਗ ਨਾਲ ਹੋਇਆ ਸ਼ਹਿਰੀਕਰਨ ਕੁਦਰਤ 'ਤੇ ਬੋਝ ਨਹੀਂ ਸਗੋਂ ਉਹਦਾ ਸੰਗੀ ਬਣੇਗਾ।



ਵਿਵੇਕ ਸ਼ਰਮਾ ਅਤੇ ਰੋਹਿਤ ਗੁਪਤਾ, ਕ੍ਰਿਸ਼ੀ ਵਿਗਿਆਨ ਕੇਂਦਰ,
ਸ੍ਰੀ ਮੁਕਤਸਰ ਸਾਹਿਬ (ਮੋ. 83607-10463)



# ਬਰਸਾਤਾਂ ਦੇ ਦਿਨਾਂ ਵਿਚ ਰੱਖੋ ਪਸ਼ੂਆਂ ਦਾ ਖਾਸ ਧਿਆਨ

**ਪੰਜਾਬ ਵਿਚ ਜੁਲਾਈ-ਅਗਸਤ ਦੇ ਮਹੀਨਿਆਂ ਦੌਰਾਨ ਤਾਪਮਾਨ ਭਾਵੇਂ ਘੱਟ ਹੋ ਜਾਂਦਾ ਹੈ ਪਰ ਹਵਾ ਵਿਚ ਵਾਧੂ ਨਮੀਂ ਹੋਣ ਕਰਕੇ ਇਹ ਗਰਮੀ ਮਈ-ਜੂਨ ਦੇ ਮਹੀਨਿਆਂ ਨਾਲ ਜ਼ਿਆਦਾ ਹਾਨੀਕਾਰਕ ਹੁੰਦੀ ਹੈ। ਇਸ ਲਈ ਬਰਸਾਤਾਂ ਦੇ ਮੌਸਮ ਵਿਚ ਪਸ਼ੂਆਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਬਰਸਾਤਾਂ ਦੇ ਦਿਨਾਂ ਵਿਚ ਵਿਸ਼ਾਣੂ ਰੋਗਾਂ ਅਤੇ ਚਿੱਚੜਾਂ ਦੀ ਮਿਕਦਾਰ ਵਧ ਜਾਂਦੀ ਹੈ ਅਤੇ ਇਸ ਗਰਮੀ ਦੇ ਤਣਾਅ ਦਾ ਮਾੜਾ ਅਸਰ ਪਸ਼ੂਆਂ ਦੇ ਦੁੱਧ ਉਤਪਾਦਨ, ਪ੍ਰਜਣਨ, ਸਰੀਰਕ ਵਾਧਾ ਅਤੇ ਖੁਰਾਕ ਖਾਣ ਦੀ ਸਮੱਰਥਾ ਉੱਤੇ ਹੁੰਦਾ ਹੈ। ਵਿਦੇਸ਼ੀ ਅਤੇ ਦੋਗਲੀਆਂ ਗਾਵਾਂ ਵਿਚ ਇਸਦਾ ਪ੍ਰਭਾਵ ਸਭ ਤੋਂ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਇਸ ਲਈ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਖੁਰਾਕੀ ਪ੍ਰਬੰਧਨ ਅਤੇ ਰੱਖ-ਰਖਾਵ ਸੰਬੰਧੀ ਤਬਦੀਲੀਆਂ ਕਰਕੇ ਇਸ ਤਣਾਅ ਨੂੰ ਘਟਾਇਆ ਜਾਵੇ।**

★ ਬਰਸਾਤਾਂ ਦੇ ਮੌਸਮ ਵਿਚ ਮੱਖੀਆਂ ਦੀ ਗਿਣਤੀ ਵਿਚ ਵਾਧਾ ਹੋ ਜਾਂਦਾ ਹੈ। ਇਹ ਮੱਖੀਆਂ ਅਤੇ ਮੱਛਰ ਕਈ ਬਿਮਾਰੀਆਂ ਜਿਵੇਂਕਿ ਸਰ੍ਹਾ ਆਦਿ ਦੇ ਫੈਲਣ ਦਾ ਕਾਰਨ ਬਣਦੀਆਂ ਹਨ।

★ ਮੱਖੀਆਂ ਦੀ ਰੋਕਥਾਮ ਦੇ ਲਈ ਇਹ ਜ਼ਰੂਰੀ ਹੈ ਕਿ ਵਾੜਿਆਂ ਦੇਨੇੜੇ ਤੇੜੇ



ਵਾਧੂ ਪਾਣੀ ਇਕੱਠਾ ਨਾ ਹੋਣ ਦਿਓ ਕਿਉਕਿ ਖੜ੍ਹੇ ਪਾਣੀ ਵਿਚ ਮੱਖੀਆਂ ਆਂਡੇ ਦੇ ਦਿੰਦੀਆਂ ਹਨ ਅਤੇ ਉਹਨਾਂ ਵਿਚੋਂ ਹੋਰ ਬੱਚੇ ਪੈਦਾ ਹੋ ਜਾਂਦੇ ਹਨ।

★ ਬਰਸਾਤਾਂ ਦੇ ਮੌਸਮ ਵਿਚ ਚਿੱਚੜਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਜਾਂਦਾ ਹੈ। ਚਿੱਚੜੀਆਂ ਪਸ਼ੂਆਂ ਦੇ ਲੇਵੇ ਤੇ ਅਤੇ ਲੱਤਾਂ ਦੇ ਅੰਦਰਲੇ ਪਾਸੇ ਚਿਪਕ ਜਾਂਦੀਆਂ ਹਨ ਅਤੇ ਲਗਾਤਾਰ ਪਸ਼ੂਆਂ ਦਾ ਖੂਨ ਚੂਸਦੀਆਂ ਰਹਿੰਦੀਆਂ ਹਨ। ਇਹ ਕਈ ਘਾਤਕ ਬਿਮਾਰੀਆਂ ਜਿਵੇਂ ਕਿ ਬਬੇਸ਼ੀਆ ਰੋਗ, ਐਨਾਪਲਾਸਮਾ ਰੋਗ ਅਤੇ ਥਿਲੇਰੀਆ ਰੋਗ ਆਦਿ ਦੇ ਫੈਲਣ ਦਾ ਜ਼ਰੀਆ ਬਣ ਸਕਦੀਆਂ ਹਨ।

★ ਇਹਨਾਂ ਬਿਮਾਰੀਆਂ ਕਰਕੇ ਪਸ਼ੂ ਨੂੰ ਤੇਜ਼ ਬੁਖਾਰ ਹੋ ਜਾਂਦਾ ਹੈ। ਇਸਤੋਂ ਇਲਾਵਾ, ਖੂਨ ਦੀ ਕਮੀ ਹੋਣਾ, ਲਹੂ ਮੂਤਣਾ ਆਦਿ ਦੀ ਇਹਨਾਂ ਬਿਮਾਰੀਆਂ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਜ਼ਿਆਦਾ ਗੰਭੀਰ ਸਥਿਤੀ ਵਿਚ ਪਸ਼ੂ ਦੀ ਮੌਤ ਵੀ ਹੋ ਸਕਦੀ ਹੈ।

★ ਬਬੇਸ਼ੀਆ ਅਤੇ ਐਨਾਪਲਾਸਮਾ ਰੋਗ ਮੁੱਖ ਤੌਰ ਤੇ ਦੋ ਸਾਲ ਦੀ ਉਮਰ ਤੋਂ ਉੱਪਰ ਵਾਲੀਆਂ ਜਵਾਨ ਗਾਵਾਂ ਵਿਚ ਹੁੰਦੇ ਹਨ। ਥਲੇਰੀਆ ਰੋਗ ਕੱਟੀਆਂ / ਵੱਛੀਆਂ ਤੇ ਵੱਧ ਅਸਰ ਕਰਦਾ ਹੈ। ਇਹਨਾਂ ਬਿਮਾਰੀਆਂ ਦੀ ਸਹੀ ਪਛਾਣ ਖੂਨ ਦੀ ਜਾਂਚ ਤੋਂ ਬਾਅਦ ਹੀ ਸੰਭਵ ਹੁੰਦੀ ਹੈ।

★ ਇਸ ਲਈ ਚਿੱਚੜਾਂ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਵੇਲੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪਸ਼ੂਆਂ ਦੇ ਨਾਲ ਨਾਲ ਉਹਨਾਂ ਦੇ ਢਾਰੇ/ਸ਼ੈਡਾਂ ਤੇ ਵੀ ਕੀਟਨਾਸ਼ਕਾਂ ਦਾ ਛਿੜਕਾ ਕੀਤਾ ਜਾਵੇ। ਜੇਕਰ ਸ਼ੈਡ ਵਿਚ ਕਿਤੇ ਤਰੇੜ ਦਿਸੇ ਤਾਂ ਉੱਥੇ ਵੀ ਕੀਟਨਾਸ਼ਕਾਂ ਦਾ ਛਿੜਕਾਅ ਕਰੋ ਕਿਉਕਿ ਚਿੱਚੜੀਆਂ ਆਮ ਤੌਰ ਤੇ ਤਰੇੜਾਂ ਵਿਚ ਹੀ ਆਪਣੇ ਆਂਡੇ ਦਿੰਦੀਆਂ ਹਨ ਅਤੇ ਚਿੱਚੜਾਂ ਦੇ ਨਾਲ ਨਾਲ ਉਹਨਾਂ ਦਾ ਖਾਤਮਾ ਵੀ ਬਹੁਤ ਜ਼ਰੂਰੀ ਹੈ।

★ ਇਕ ਤੰਦਰੁਸਤ ਦੁਧਾਰੂ ਪਸ਼ੂ ਦਿਨ ਦਾ ਜ਼ਿਆਦਾ ਸਮਾਂ ਆਰਾਮ ਨਾਲ ਬੈਠ ਕੇ ਜੁਗਾਲੀ ਕਰਨ 'ਚ ਬਤੀਤ ਕਰਦਾ ਹੈ ਪਰ ਬਰਸਾਤ ਦੇ ਦਿਨਾਂ ਵਿਚ ਢਾਰਿਆਂ ਵਿਚ ਮੀਂਹ ਕਾਰਨ ਚਿੱਕੜ ਹੋਣ ਕਰਕੇ ਪਸ਼ੂ ਸੁੱਕੀ ਥਾਂ ਤੇ ਆਰਾਮ ਨਾਲ ਬੈਠ ਨਹੀਂ ਪਾਉਂਦਾ ਅਤੇ ਆਪਣੀਆਂ ਸਰੀਰਕ ਕਿਰਿਆਵਾਂ ਨਹੀਂ ਕਰ ਪਾਉਂਦਾ ਜਿਸ ਨਾਲ ਪਾਚਣ ਕਿਰਿਆ ਅਤੇ ਦੁੱਧ ਦੀ ਫੈਟ ਪ੍ਰਭਾਵਿਤ ਹੁੰਦੀ ਹੈ।

★ ਬਰਸਾਤ ਦੇ ਦਿਨਾਂ ਵਿਚ ਢਾਰੇ ਗਿੱਲੇ ਹੋਣ ਕਰਕੇ ਥਣੈਲਾ ਰੋਗ (ਮੈਸਟਾਇਟਸ) ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਪਸ਼ੂਆਂ ਦਾ ਲੰਬਾ ਸਮਾਂ ਗਿੱਲੀ ਥਾਂ ਉੱਤੇ ਖੜ੍ਹਣ ਨਾਲ ਖੁਰਾਂ ਦੀਆਂ ਸਮੱਸਿਆਵਾਂ ਵੀ ਆ ਸਕਦੀਆਂ ਹਨ। ਇਸ ਲਈ ਇਹਨਾਂ ਦਿਨਾਂ ਵਿਚ ਜਿੰਨਾ ਹੋ ਸਕੇ ਪਸ਼ੂਆਂ ਲਈ ਸੁੱਕੀ ਅਤੇ ਆਰਾਮਦਾਇਕ ਥਾਂ ਦਾ ਪ੍ਰਬੰਧ ਕਰਵਾਓ।

★ ਇਹਨਾਂ ਦਿਨਾਂ ਵਿਚ ਪਸ਼ੂ ਦੇ ਮਿਹਦੇ ਦੀ ਤੇਜ਼ਾਬੀਪਨ ਦੀ ਸਮੱਸਿਆ ਵੱਧ ਜਾਂਦੀ ਹੈ, ਇਸ ਕਰਕੇ ਪਸ਼ੂਆਂ ਦੀ ਖੁਰਾਕ ਦੇ ਨਾਲ ਨਾਲ ਖੁੱਲਾ ਪਾਣੀ ਦੇਣਾ ਲਾਜ਼ਮੀ ਬਣਾਓ। ਪਸ਼ੂਆਂ ਦੀ ਖੁਰਾਕ ਵਿਚ ਬਫਰ ਦੀ ਵਰਤੋਂ ਕਰਨੀ ਫਾਇਦੇਵੰਦ ਰਹਿੰਦੀ ਹੈ ਜੋ ਤੇਜ਼ਾਬੀਪਨ ਦੀ ਸਮੱਸਿਆ ਨੂੰ ਰੋਕਦਾ ਹੈ।

★ ਬਰਸਾਤੀ ਦਿਨਾਂ ਵਿਚ ਪਾਣੀ ਕਰਕੇ ਤੂੜੀ ਜਾਂ ਅਚਾਰ ਗਲ ਜਾਂਦੇ ਹਨ। ਗਲੀ ਸੜੀ ਤੂੜੀ ਜਾਂ ਉੱਲੀ ਵਾਲੇ ਅਚਾਰ ਦੀ ਵਰਤੋਂ ਦੁੱਧ ਦੇਣ ਵਾਲੇ ਪਸ਼ੂਆਂ ਲਈ ਨਾ ਕੀਤੀ ਜਾਵੇ ਕਿਉਕਿ ਇਹ ਪਸ਼ੂਆਂ ਲਈ ਹਾਨੀਕਾਰਕ ਹੋ ਸਕਦੇ ਹਨ।

★ ਇਸਦੇ ਨਾਲ ਨਾਲ ਵੰਡ, ਹਰਾ ਚਾਰਾ ਅਤੇ ਤੂੜੀ ਰਲਾ ਕੇ ਪਾਉਣਾ ਲਾਭਕਾਰੀ ਰਹਿੰਦਾ ਹੈ। ਪਸ਼ੂ ਚਾਰੇ ਵਿਚ ਧਾਤਾਂ ਦੇ ਚੂਰੇ ਦੀ ਵਰਤੋਂ ਯਕੀਨੀ ਬਣਾਓ ਜੋ ਕਿ ਬਿਮਾਰੀਆਂ ਨਾਲ ਲੜਨ ਵਿਚ ਸਹਾਈ ਹੁੰਦਾ ਹੈ।

★ ਆਮ ਦੇਖਿਆ ਗਿਆ ਹੈ ਕਿ ਇਸ ਮੌਸਮ 'ਚ ਲਵੇਰੀਆਂ ਦੀ ਖੁਰਾਕ ਖਾਣ ਦੀ ਸਮਰੱਥਾ ਘਟ ਜਾਂਦੀ ਹੈ ਜਿਸਦੇ ਨਤੀਜੇ ਵਜੋਂ ਉਹਨਾਂ ਦੇ ਗੱਭਣ ਹੋਣ ਦੀ ਦਰ ਘਟ ਜਾਂਦੀ ਹੈ ਜਾਂ ਪਸ਼ੂ ਹੇਹੇ ਤੇ ਪੂਰੇ ਲੱਛਣ ਨਹੀਂ ਦਿਖਾਉਂਦਾ, ਖਾਸ ਕਰਕੇ ਮੱਝਾਂ ਵਿਚ ਗੁੰਗਾ ਹੇਹਾ ਆਮ ਦੇਖਿਆ ਗਿਆ ਹੈ।

★ ਸਵੇਰੇ ਸ਼ਾਮ ਪਸ਼ੂਆਂ ਨੂੰ ਗਹੁ ਨਾਲ ਵੇਖੋ। ਪਸ਼ੂ ਦੇ ਬੈਠਣ ਵਾਲੀ ਥਾਂ ਤੇ ਜਾਂ ਸਰੀਰ ਤੇ ਲੱਗੀਆਂ ਤਾਰਾਂ ਵੇਖੋ, ਹੇਹੇ ਦੀਆਂ ਨਿਸ਼ਾਨੀਆਂ ਜਿਵੇਂ ਕਿ ਪਸ਼ੂ ਦਾ ਬੇਚੈਨ ਹੋਣਾ, ਪੱਠੇ ਘੱਟ ਖਾਣਾ, ਦੂਜੇ ਪਸ਼ੂਆਂ ਤੇ ਚੜ੍ਹਨਾ, ਲਵੇਰੀਆਂ ਦੀ ਸੂਅ ਦਾ ਸੁੱਜ ਜਾਣਾ ਤਾਂ ਗੁਲਾਬੀ ਰੰਗ ਦਾ ਹੋ ਜਾਣਾ, ਵਾਰ ਵਾਰ ਪਿਸ਼ਾਬ ਕਰਨਾ ਆਦਿ ਹੋ ਸਕਦੀਆਂ ਹਨ। ਟੀਕਾ ਭਰਾਉਣ ਤੋਂ 18-22 ਦਿਨਾਂ ਬਾਅਦ ਫੇਰ ਤੋਂ ਹੇਹੇ ਦੇ ਲੱਛਣਾਂ ਲਈ ਵੇਖੋ ਅਤੇ ਹੇਹੇ ਦੀਆਂ ਨਿਸ਼ਾਨੀਆਂ ਨਾ ਹੋਣ ਦੀ ਸੂਰਤ ਵਿਚ 2.5-3 ਮਹੀਨਿਆਂ ਬਾਅਦ ਮਾਹਿਰ ਡਾਕਟਰ ਤੋਂ ਜਾਂਚ ਕਰਵਾਓ। ਬਰਸਾਤਾਂ ਦੇ ਦਿਨਾਂ ਵਿਚ ਗੱਲ-ਘੋਟੂ ਅਤੇ ਲੰਗੜੇ ਬੁਖਾਰ ਦੀਆਂ ਬਿਮਾਰੀਆਂ ਵੱਧ ਜਾਦੀਆਂ ਨੇ ਅਤੇ ਇਹਨਾਂ ਦੀ ਰੋਕਥਾਮ ਲਈ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਇਹਨਾਂ ਬਿਮਾਰੀਆਂ ਵਿਰੁੱਧ ਟੀਕਾਕਰਨ ਕਰਵਾਓ ਅਤੇ ਬਰਸਾਤਾਂ ਖਤਮ ਹੋਣ ਤੇ ਸਾਰੇ ਪਸ਼ੂਆਂ ਨੂੰ ਪੇਟ ਦੇ ਕੀੜਿਆਂ ਵਿਰੁੱਧ ਕਿਰਮ ਰਹਿਤ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ।



# ਪਸ਼ੂਆਂ ਵਿਚ ਚਿੱਚੜਾਂ ਦੀ ਰੋਕਥਾਮ

ਚਿੱਚੜ ਪਸ਼ੂਆਂ ਦੇ ਬਾਹਰੀ ਪਰਜੀਵੀ ਹੁੰਦੇ ਹਨ ਜੋ ਪਸ਼ੂ ਦਾ ਖੂਨ ਚੂਸਦੇ ਹਨ, ਚਮੜੀ ਦੀ ਸੋਜਸ਼ ਦਾ ਕਾਰਣ ਬਣਦੇ ਹਨ ਅਤੇ ਸਿੱਟੇ ਵਜੋਂ ਪਸ਼ੂ ਦੀ ਉਤਪਾਦਨ ਸਮਰੱਥਾ ਵੀ ਘਟਾਉਂਦੇ ਹਨ। ਇਹ ਪਸ਼ੂ ਦੀ ਪੂੰਛ ਥੱਲੇ ਅਤੇ ਵਾਲਾਂ ਵਿਚ, ਲੇਵੇ ਉਪਰ, ਕੰਨਾਂ ਪਿੱਛੇ, ਲੱਤਾਂ ਦੇ ਅੰਦਰ-ਬਾਹਰ ਵਾਰ ਲੁਕ ਜਾਂਦੇ ਹਨ ਅਤੇ ਕਈ ਬਿਮਾਰੀਆਂ (ਜਿਵੇਂ ਲਹੂ ਮੂਤਣਾ, ਕਨੇਡੂ ਰੋਗ, ਪੀਲੀਆ ਰੋਗ, ਹਿਪੈਟੋ ਜ਼ੂਨੋਸਿਸ ਅਤੇ ਇਹਰਲਿਚਿਉਸਿਸ) ਫੈਲਾਉਂਦੇ ਹਨ। ਇਸ ਲਈ ਇਨ੍ਹਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ।

★ ਗਰਮ ਅਤੇ ਜ਼ਿਆਦਾ ਨਮੀਂ ਵਾਲੇ ਮੌਸਮ ਵਿਚ ਚਿੱਚੜਾਂ ਦੀ ਭਰਮਾਰ ਹੁੰਦੀ ਹੈ। ਪਸ਼ੂਆਂ ਦੇ ਢਾਰਿਆਂ ਵਿਚ ਸਾਫ-ਸਫਾਈ ਰੱਖਣੀ ਬਹੁਤ ਜ਼ਰੂਰੀ ਹੈ।

★ ਪਸ਼ੂ ਸ਼ੈਡ, ਫਰਸ਼, ਖੁਰਲੀਆਂ ਆਦਿ ਵਿਚ ਜਿੱਥੇ ਵੀ ਤਰੇੜਾਂ, ਵਿੱਥਾਂ ਜਾਂ ਮੋਰੀਆਂ ਹੋਣ, ਉਨ੍ਹਾਂ ਨੂੰ ਭਰਨਾ ਚਾਹੀਦਾ ਹੈ ਕਿਉਕਿ ਚਿੱਚੜ ਇਨ੍ਹਾਂ ਜਗ੍ਹਾ ਤੇ ਲੁਕੇ ਰਹਿੰਦੇ ਹਨ।

★ ਪਸ਼ੂਆਂ ਦੇ ਬੰਨ੍ਹਣ ਦੀ ਥਾਂ ਪੱਕੀ ਹੋਵੇ ਤਾਂ ਚੰਗਾ ਹੈ। ਕੋਸ਼ਿਸ਼ ਕਰੋ ਕਿ ਗਾਵਾਂ ਤੇ ਮੱਝਾਂ ਨੂੰ ਵੱਖ-ਵੱਖ ਬੰਨਿਆ ਜਾਵੇ।

★ ਚਿੱਚੜਾਂ ਨੂੰ ਮਾਰਨ ਲਈ ਕੀਟਨਾਸ਼ਕ ਦਵਾਈਆਂ ਜਿਵੇਂ ਡੈਲਟਾਮੈਥਰਿਨ, ਫਲੂਮੈਥਰਿਨ, ਸਾਈਪਰਮੈਥਰਿਨ, ਆਈਵਰਮੈਕਟਿਨ, ਅਮਿਤਰਾਜ ਦੀ ਵਰਤੋਂ ਡਾਕਟਰ ਦੀ ਸਲਾਹ ਨਾਲ ਕਰੋ।

★ ਦਵਾਈਆਂ ਬਦਲ-ਬਦਲ ਕੇ ਵਰਤੋਂ ਤਾਂ ਜੋ ਇਹ ਬੇਅਸਰ ਨਾ ਹੋ ਜਾਣ। ਦਵਾਈਆਂ ਨੂੰ ਦੱਸੀ ਮਾਤਰਾ ਅਤੇ ਤਰੀਕੇ ਅਨੁਸਾਰ ਵਰਤਣਾ ਵੀ ਜ਼ਰੂਰੀ ਹੈ।

★ ਪਸ਼ੂ ਸ਼ੈਡਾਂ ਵਿਚ ਕੰਧਾਂ, ਫਰਸ਼, ਪਸ਼ੂ ਬੰਨ੍ਹਣ ਦੀ ਥਾਂ ਤੇ ਦਵਾਈ ਦਾ ਛਿੜਕਾਅ ਚੰਗੀ ਤਰ੍ਹਾਂ ਕਰੋ ਅਤੇ ਨਿਯਮਿਤ ਅੰਤਰਾਲ ਤੇ ਦਵਾਈ ਫੇਰ ਛਿੜਕੋ।

★ ਪਸ਼ੂਆਂ ਦੇ ਦਵਾਈ ਲਾਉਣ ਤੋਂ ਪਹਿਲਾਂ ਛਿੱਕਲੀ ਪਾਓ ਤਾਂ ਜੋ ਉਹ ਦਵਾਈ ਨਾ ਚੱਟ ਸਕਣ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਚੰਗੀ ਸੰਤੁਲਿਤ ਖੁਰਾਕ ਦੇ ਕੇ ਰਜਾਉਣਾ ਵੀ ਜ਼ਰੂਰੀ ਹੈ।

★ ਹੱਥਾਂ ਤੇ ਦਸਤਾਨੇ ਪਾ ਕੇ ਕਿਸੇ ਸਾਫ ਕੱਪੜੇ ਨੂੰ ਦਵਾਈ ਵਿਚ ਭਿਉਂ ਕੇ ਪਸ਼ੂ ਦੇ ਸਰੀਰ ਤੇ ਲਾਉ ਅਤੇ ਜਖਮ ਵਾਲੀ ਜਗ੍ਹਾ ਰਹਿਣ ਦਿਓ।

★ ਬੁਰਸ਼ ਨਾਲ ਪਸ਼ੂਆਂ ਦੀ ਚਮੜੀ ਸਮੇਂ-ਸਮੇਂ ਤੇ ਸਾਫ ਕਰੋ।

**ਮਧੂ ਸ਼ੈਲੀ, ਡਾਇਰੈਕਟੋਰੇਟ ਪਸਾਰ ਸਿੱਖਿਆ**
**ਮੋਬਾਇਲ : 96434-42427**

# ਖੇਤੀ ਨੀਤੀਆਂ ਵਿੱਚ ਤਬਦੀਲੀ ਦੀ ਜ਼ਰੂਰਤ

ਡਾ. ਗਿਆਨ ਸਿੰਘ, ਸਾਬਕਾ ਪ੍ਰੋਫੈਸਰ,
ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ ਕਾਰਨ ਅੱਜ ਕੱਲ੍ਹ ਲੋਕ ਅਨੇਕ ਸਮੱਸਿਆਵਾਂ ਹੰਢਾਅ ਰਹੇ ਹਨ; ਆਉਣ ਵਾਲੇ ਸਮੇਂ ਦੌਰਾਨ ਇਹ ਸਮੱਸਿਆਵਾਂ ਕਿੰਨੀਆਂ ਗੰਭੀਰ ਹੋਣਗੀਆਂ, ਇਸ ਪੱਖ ਦਾ ਅੰਦਾਜ਼ਾ ਮੁਲਕ ਦੀ ਰਾਜਧਾਨੀ ਦਿੱਲੀ ਦੇ ਨਿਵਾਸੀਆਂ ਦੀ ਪਾਣੀ ਦੀ ਥੁੜ੍ਹ ਕਾਰਨ ਬਣੀ ਤਰਸਯੋਗ ਹਾਲਤ ਤੋਂ ਲਾਇਆ ਜਾ ਸਕਦਾ ਹੈ। ਮੁਲਕ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਦੋ ਜਾਂ ਇਸ ਤੋਂ ਵੱਧ ਫਸਲਾਂ ਲੈਣ ਲਈ ਰਸਾਇਣਾਂ ਦੀ ਵਰਤੋਂ ਕਾਰਨ ਭੂਮੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਝੋਨੇ ਦੀ ਫਸਲ ਲਈ ਛੱਪੜ-ਸਿੰਜਾਈ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਲੋਕ ਹਵਾ ਦੇ ਪ੍ਰਦੂਸ਼ਣ ਦੇ ਨਤੀਜੇ ਵਜੋਂ ਅਨੇਕ ਬਿਮਾਰੀਆਂ ਦੀ ਮਾਰ ਝੱਲ ਰਹੇ ਹਨ।**

ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ 19 ਜੂਨ 2024 ਨੂੰ ਕਿਹਾ ਹੈ ਕਿ ਕੇਂਦਰੀ ਕੈਬਨਿਟ ਨੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀ ਏ ਸੀ ਪੀ) ਦੀਆਂ ਸਿਫਾਰਸ਼ਾਂ ਦੇ ਆਧਾਰ ਉੱਤੇ ਸਾਉਣੀ ਦੀਆਂ 14 ਖੇਤੀਬਾੜੀ ਜਿਨਸਾਂ ਲਈ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਪ੍ਰਵਾਨਗੀ ਦੇ



ਦਿੱਤੀ ਹੈ। ਸਾਉਣੀ ਮਾਰਕੀਟਿੰਗ ਸੀਜ਼ਨ 2024-25 ਲਈ ਸਾਉਣੀ ਦੀ ਮੁੱਖ ਖੇਤੀਬਾੜੀ ਜਿਨਸ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਕੀਤੇ ਵਾਧੇ ਬਾਰੇ ਨੁਕਤਾਚੀਨੀ ਹੋਈ ਹੈ।

ਭਾਰਤ ਵਿਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੇ ਸੰਸਾਰ ਯੁੱਧ ਦੌਰਾਨ ਹੋ ਗਈ ਸੀ ਜਦੋਂ ਤਤਕਾਲੀ ਬ੍ਰਿਟਿਸ਼ ਸਰਕਾਰ ਨੇ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਤੋਂ ਖਪਤਕਾਰਾਂ ਨੂੰ ਰਾਹਤ ਦੇਣ ਲਈ ਕੁਝ ਮੁੱਖ ਖੇਤੀ ਜਿਨਸਾਂ ਦੀਆਂ ਵੱਧ ਤੋਂ ਵੱਧ ਕੀਮਤਾਂ ਤੈਅ ਕੀਤੀਆਂ ਤੇ ਕਿਸਾਨਾਂ ਦੇ ਹਿੱਤਾਂ ਦਾ ਖਿਆਲ ਰੱਖਦਿਆਂ ਕੁਝ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਤੈਅ ਕੀਤੀਆਂ। ਦੂਜੇ ਸੰਸਾਰ ਯੁੱਧ ਤੋਂ ਬਾਅਦ ਵੀ ਭਾਰਤ 'ਚ ਅਨਾਜ ਥੁੜ੍ਹ ਜਾਰੀ ਰਹੀ। ਮੁਲਕ ਆਜ਼ਾਦ ਹੋਣ ਪਿੱਛੋਂ 1950 'ਚ ਕੇਂਦਰ ਸਰਕਾਰ ਨੇ ਯੋਜਨਾ ਕਮਿਸ਼ਨ ਬਣਾਇਆ ਜਿਸ ਨੇ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕੀਤੀਆਂ। ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਮੁੱਖ ਤਰਜੀਹ ਖੇਤੀ ਵਿਕਾਸ ਨੂੰ ਦਿੱਤੀ ਗਈ ਜਿਸ ਸਦਕਾ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ ਉੱਤੇ ਕਾਬੂ ਪਾਇਆ ਜਾ ਸਕਿਆ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਉਦਯੋਗਿਕ ਵਿਕਾਸ ਨੂੰ ਦਿੱਤੀ। ਇਸ ਸਮੇਂ ਦੌਰਾਨ ਮੁਲਕ ਵਿਚ ਮੁੜ ਤੋਂ ਅਨਾਜ ਪਦਾਰਥਾਂ ਦੀ ਥੁੜ੍ਹ ਸਾਹਮਣੇ ਆਈ। 1962-64 ਦੌਰਾਨ ਮੁਲਕ ਦੇ ਕਈ ਹਿੱਸਿਆਂ ਵਿਚ ਪਏ ਸੋਕੇ ਕਾਰਨ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ ਨੇ ਭਿਆਨਕ ਰੂਪ ਧਾਰਨ ਕਰ ਲਿਆ।

ਅਨਾਜ ਦੀ ਥੁੜ ਉੱਤੇ ਕਾਬੂ ਪਾਉਣ ਲਈ ਸਰਕਾਰ ਨੇ ਅਮਰੀਕਾ ਤੋਂ ਪੀ ਐੱਲ 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਭਾਰੀ ਕੀਮਤ ਦੇਣੀ ਪਈ। ਸਰਕਾਰ ਨੇ ਖੇਤੀ ਜਿਨਸਾਂ ਦੀ ਉਤਪਾਦਕਤਾ ਅਤੇ ਉਤਪਾਦਨ ਵਧਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫੈਸਲਾ ਕੀਤਾ। ਇਹ ਜੁਗ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟ/ਨਦੀਨ ਨਾਸ਼ਕਾਂ ਅਤੇ ਕੁਝ ਹੋਰ ਰਸਾਇਣਾਂ, ਮਸ਼ੀਨਰੀ ਅਤੇ ਖੇਤੀਬਾੜੀ ਦੇ ਵਿਗਿਆਨਕ ਢੰਗਾਂ ਦਾ ਪੁਲੰਦਾ ਸੀ। ਵੱਖ-ਵੱਖ ਖੇਤਰਾਂ ਦੇ ਅਧਿਐਨ ਤੋਂ ਬਾਅਦ ਇਸ ਜੁਗਤ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕੀਤਾ ਗਿਆ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤੀ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ-ਜ਼ਮੀਨ ਹੇਠਲੇ ਪਾਣੀ, ਉਪਜਾਊ ਭੂਮੀ ਆਦਿ, ਦੀ ਹੱਦੋਂ ਵੱਧ ਵਰਤੋਂ ਸਦਕਾ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿਚ ਅਥਾਹ ਵਾਧਾ ਹੋਇਆ ਜਿਸ ਸਦਕਾ ਮੁਲਕ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਤੋਂ ਖਹਿੜਾ ਛੁੱਟਿਆ।

1965 ਦੌਰਾਨ ਖੇਤੀ ਕੀਮਤਾਂ ਕਮਿਸ਼ਨ ਅਤੇ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਬਣਾਏ ਗਏ। ਕਮਿਸ਼ਨ ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਮੁੱਖ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਸਿਫਾਰਸ਼ਾਂ ਕੇਂਦਰ ਸਰਕਾਰ ਨੂੰ ਕਰ ਰਿਹਾ ਹੈ ਅਤੇ ਕੇਂਦਰ ਸਰਕਾਰ ਆਮ ਤੌਰ ਉੱਤੇ ਇਨ੍ਹਾਂ ਸਿਫਾਰਸ਼ਾਂ ਦੇ ਆਧਾਰ ਉੱਤੇ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਹੈ। 1965 ਤੋਂ 1970 ਤੱਕ ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਸਿਫਾਰਸ਼ਾਂ ਖੇਤੀਬਾੜੀ ਖੇਤਰ ਦੇ ਹੱਕ ਵਿਚ ਸਨ; ਉਸ ਤੋਂ ਬਾਅਦ ਇਹ ਸਿਫਾਰਸ਼ਾਂ ਉੱਲਟ ਕਰ ਦਿੱਤੀਆਂ ਗਈਆਂ ਜਿਸ ਦੀ ਸਮੇਂ-ਸਮੇਂ ਉੱਤੇ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਸਖਤ ਨੁਕਤਾਚੀਨੀ ਕੀਤੀ। ਇਸ ਨੁਕਤਾਚੀਨੀ ਤੋਂ ਬਚਣ ਲਈ ਸਰਕਾਰ ਨੇ 1987 ਵਿਚ ਖੇਤੀਬਾੜੀ ਕੀਮਤਾਂ ਕਮਿਸ਼ਨ ਦਾ ਨਾਮ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ ਪਰ ਸਮੇਂ ਦੇ ਨਾਲ ਇਹ ਭੁਲੇਖਾ ਪਾਊ ਸਾਬਿਤ ਹੋਇਆ।

ਸਰਕਾਰੀ ਖੇਤੀਬਾੜੀ ਨੀਤੀਆਂ ਕਾਰਨ ਖੇਤੀਬਾੜੀ ਉੱਪਰ ਨਿਰਭਰ ਵਰਗਾਂ, ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ, ਦੀ ਆਰਥਿਕ ਹਾਲਤ ਦਿਨੋ-ਦਿਨ ਨਿਘਰਦੀ ਗਈ। ਮੁਲਕ ਦੇ ਵੱਖ-ਵੱਖ ਖੇਤਰਾਂ ਵਿਚ ਕੀਤੇ ਅਧਿਐਨ ਇਹ ਤੱਥ ਸਾਹਮਣੇ ਲਿਆਏ ਕਿ ਲਗਭਗ ਸਾਰੇ ਸੀਮਾਂਤ ਅਤੇ ਛੋਟੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਗਰੀਬੀ ਤੇ ਕਰਜ਼ੇ ਵਿਚ ਜਨਮ ਲੈਂਦੇ ਹਨ, ਗਰੀਬੀ ਤੇ ਕਰਜ਼ੇ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਘੋਰ ਗਰੀਬੀ ਤੇ ਕਰਜ਼ੇ ਦਾ ਪਹਾੜ ਛੱਡ ਕੇ ਜਾਂ ਤਾਂ ਤੰਗੀਆਂ-ਤਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਸਮਾਜ ਤੇ ਸਰਕਾਰ ਵੱਲੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖੁਦਕੁਸ਼ੀਆਂ ਦੀ ਕਰ ਰਹੇ ਹਨ।

ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਕੁਝ ਸੂਬੇ ਜਾਂ ਖੇਤਰ ਕਈ ਗੰਭੀਰ ਸਮੱਸਿਆਵਾਂ ਹੰਢਾਉਣ ਲਈ ਮਜਬੂਤ ਹਨ। ਪੰਜਾਬ ਵਿਚ ਤਰਜੀਹੀ ਤੌਰ ਉੱਤੇ ਅਪਣਾਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਨਤੀਜੇ ਵਜੋਂ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ ਨੂੰ ਧਿਆਨ ਵਿਚ ਰੱਖਦੇ ਹੋਏ ਭਾਰਤ ਸਰਕਾਰ ਨੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ 1973 ਤੋਂ ਝੋਨੇ ਦੀ ਫਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤੀ। ਝੋਨੇ ਦੀ ਫਸਲ ਪੰਜਾਬ ਦੇ ਜਲਵਾਯੂ ਹਾਲਾਤ ਅਨੁਸਾਰ ਢੁਕਵੀਂ ਨਹੀਂ ਹੈ। ਝੋਨੇ ਦੀ ਫਸਲ ਲਈ ਛੱਪੜ-ਸਿੰਜਾਈ ਦੀ ਲੋੜ ਹੁੰਦੀ ਹੈ ਜਿਸ ਕਾਰਨ ਪੰਜਾਬ ਵਿਚ ਤਿੰਨ ਚੌਥਾਈ ਤੋਂ ਵੱਧ ਬਲਾਕਾਂ ਵਿਚ ਧਰਤੀ ਹੇਠਲਾ ਪਾਣੀ ਖਤਰਨਾਕ ਪੱਧਰ ਤੱਕ ਹੇਠਾਂ ਚਲਿਆਂ ਗਿਆ; ਹੁਣ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿਚ ਫਸਲਾਂ ਦੀ ਸਿੰਜਾਈ ਲਈ ਸਬਮਰਸੀਬਲ ਮੋਟਰਾਂ ਤੋਂ ਬਿਨਾਂ ਗੁਜ਼ਾਰਾ ਨਹੀਂ। ਸਿੰਜਾਈ ਦਾ ਇਹ ਸਾਧਨ ਕਿਸਾਨਾਂ ਸਿਰ ਕਰਜ਼ੇ ਦਾ ਕਾਰਨ ਬਣਿਆ ਹੈ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ ਕਾਰਨ ਅੱਜ ਕੱਲ੍ਹ ਲੋਕ ਅਨੇਕ ਸਮੱਸਿਆਵਾਂ ਹੰਢਾਅ ਰਹੇ ਹਨ; ਆਉਣ ਵਾਲੇ ਸਮੇਂ ਦੌਰਾਨ ਇਹ ਸਮੱਸਿਆਵਾਂ ਕਿੰਨੀਆਂ ਗੰਭੀਰ ਹੋਣਗੀਆਂ, ਇਸ ਪੱਖ ਦਾ ਅੰਦਾਜ਼ਾ ਮੁਲਕ ਦੀ ਰਾਜਧਾਨੀ ਦਿੱਲੀ ਦੇ ਨਿਵਾਸੀਆਂ ਦੀ ਪਾਣੀ ਦੀ ਥੁੜ੍ਹ ਕਾਰਨ ਬਣੀ ਤਰਸਯੋਗ ਹਾਲਤ ਤੋਂ ਲਾਇਆ ਜਾ ਸਕਦਾ ਹੈ। ਮੁਲਕ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਦੋ ਜਾਂ ਇਸ ਤੋਂ ਵੱਧ ਫਸਲਾਂ ਲੈਣ ਲਈ ਰਸਾਇਣਾਂ ਦੀ ਵਰਤੋਂ ਕਾਰਨ ਭੂਮੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਝੋਨੇ ਦੀ ਫਸਲ ਲਈ ਛੱਪੜ-ਸਿੰਜਾਈ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਲੋਕ ਹਵਾ ਦੇ ਪ੍ਰਦੂਸ਼ਣ ਦੇ ਨਤੀਜੇ ਵਜੋਂ ਅਨੇਕ ਬਿਮਾਰੀਆਂ ਦੀ ਮਾਰ ਝੱਲ ਰਹੇ ਹਨ।



ਮੁਲਕ ਦੀਆਂ ਅਨਾਜ ਅਤੇ ਹੋਰ ਖੇਤੀਬਾੜੀ ਵਸਤੂਆਂ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੇ ਬੱਚਿਆਂ ਦਾ ਦੂਜੇ ਮੁਲਕਾਂ ਵਿਚ ਪਰਵਾਸ ਰੋਕਣ ਲਈ ਜ਼ਰੂਰੀ ਹੈ ਕਿ ਸਰਕਾਰ ਖੇਤੀਬਾੜੀ ਨੀਤੀਆਂ ਵਿਚ ਤਬਦੀਲੀ ਲਿਆਵੇ। ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਤੈਅ ਕਰਨ ਸਦਕਾ ਖੇਤੀਬਾੜੀ ਲਾਹੇਵੰਦ ਧੰਦਾ ਬਣ ਜਾਵੇਗੀ। ਅਜਿਹਾ ਕਰਨ ਨਾਲ ਵੱਡੇ ਕਿਸਾਨਾਂ ਦੀ ਆਮਦਨ ਜ਼ਿਆਦਾ ਵਧੇਗੀ ਪਰ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਆਮਦਨ ਵਿਚ ਬਹੁਤ ਘੱਟ ਵਾਧਾ ਹੋਵੇਗਾ ਕਿਉਂਕਿ ਇਨ੍ਹਾਂ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਵਾਲੀਆਂ ਜਿਨਸਾਂ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਕੋਲ ਆਪਣੀ ਕਿਰਤ ਤੋਂ ਸਿਵਾਇ ਉਤਪਾਦਨ ਦੇ ਕੋਈ ਸਾਧਨ ਨਹੀਂ ਹੁੰਦੇ, ਇਸ ਲਈ ਉਨ੍ਹਾਂ ਦੀ ਆਮਦਨ ਵਧਾਉਣ ਲਈ ਹੋਰ ਉਪਰਾਲਿਆਂ ਦੀ ਲੋੜ ਹੈ। ਖੇਤੀਬਾੜੀ ਖੇਤਰ ਵਿਚ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧ ਰਹੀ ਵਰਤੋਂ ਕਾਰਨ ਸੀਮਾਂਤ ਅਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਵੱਡੀ ਪੱਧਰ ਉੱਪਰ ਘਟੇ ਹਨ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਵਰਗਾਂ ਨੂੰ ਮਗਨਰੇਗਾ ਅਤੇ ਇਸ ਵਰਗੀਆਂ ਹੋਰ ਸਕੀਮਾਂ ਰਾਹੀਂ ਰੁਜ਼ਗਾਰ ਦਿੱਤਾ ਜਾਵੇ, ਇਨ੍ਹਾਂ ਦੀ ਘੱਟੋ-ਘੱਟ ਮਜ਼ਦੂਰੀ ਵਿਚ ਲੋੜੀਂਦਾ ਵਾਧਾ ਕੀਤਾ ਜਾਵੇ। ਖੇਤੀ ਖੇਤਰ ਉੱਪਰ ਨਿਰਭਰ ਲੋਕਾਂ ਦੀ ਆਮਦਨ 'ਚ ਇਤਨਾ ਵਾਧਾ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ ਜਿਸ ਸਦਕਾ ਉਹ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ ਸੇਵਾਵਾਂ, ਸਾਫ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ, ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ।

ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦੀਆਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਮੁਲਕ ਦੇ ਵੱਖ-ਵੱਖ ਖੇਤਰਾਂ ਵਿਚ ਫਸਲੀ ਚੱਕਰ ਉੱਥੋਂ ਦੀਆਂ ਖੇਤੀਬਾੜੀ ਜਿਨਸਾਂ ਦੀ ਪ੍ਰੋਸੈਸਿੰਗ ਦੁਆਰਾ ਕੀਤੇ ਜਾਣ ਵਾਲੇ ਮੁੱਲ-ਵਾਧੇ ਦਾ ਫਾਇਦਾ ਖੇਤੀਬਾੜੀ ਖੇਤਰ ਉੱਪਰ ਨਿਰਭਰ ਵਰਗਾਂ ਤੱਕ ਪਹੁੰਚਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਵਰਗਾਂ ਦੀ ਮਲਕੀਅਤ ਵਾਲੇ ਸਹਿਕਾਰੀ ਯੂਨਿਟਾਂ ਦੀ ਬਣਦੀ ਵਿੱਤੀ ਮਦਦ ਕਰੇ।

ਖੇਤੀਬਾੜੀ ਉੱਪਰ ਨਿਰਭਰ ਵਰਗਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਇਨ੍ਹਾਂ ਵਰਗਾਂ ਦੀਆਂ ਜੱਥੇਬੰਦੀਆਂ ਇਨ੍ਹਾਂ ਵਰਗਾਂ ਨੂੰ ਸਹਿਕਾਰੀ ਖੇਤੀਬਾੜੀ ਅਤੇ ਹੋਰ ਸਹਿਕਾਰੀ ਉੱਦਮਾਂ ਵੱਲ ਸੇਧਿਤ ਕਰਨ ਜਿਸ ਸਦਕਾ ਇਨ੍ਹਾਂ ਵਰਗਾਂ ਦੀ ਆਮਦਨ ਵਿਚ ਵਾਧਾ ਅਤੇ ਰਹਿਣ-ਸਹਿਣ ਦੇ ਪੱਧਰ ਵਿਚ ਸੁਧਾਰ ਹੋਣਾ ਯਕੀਨੀ ਬਣਾਇਆ ਜਾ ਸਕਦਾ ਹੈ।



# ਜੰਗਲਾਂ ਦੀ ਬਦਹਾਲੀ ਦਾ ਜ਼ਿੰਮੇਵਾਰ ਕੌਣ

ਹਿਮਾਲਿਆ ਇਲਾਕੇ ਦੇ ਜੰਗਲ ਅਤੇ ਗਲੇਸ਼ੀਅਰ ਪਾਣੀ ਦੇ ਕੁਦਰਤੀ ਭੰਡਾਰ ਕਹੇ ਜਾਂਦੇ ਹਨ ਪਰ ਅੱਜਕਲ ਦੋਵਾਂ 'ਤੇ ਭਾਰੀ ਸੰਕਟ ਮੰਡਰਾਅ ਰਿਹਾ ਹੈ। ਇਸ ਦੀਆਂ ਉਦਾਹਰਣਾਂ ਤਾਂ ਕਈ ਹਨ ਪਰ ਫਰਵਰੀ 2024 'ਚ ਉੱਤਰਾਖੰਡ ਦੇ ਪ੍ਰਸਿੱਧ ਤੀਰਥ 'ਜਾਗੇਸ਼ਵਰ ਧਾਮ' ਦੇ ਦੇਵ ਰੁੱਖ ਦੇ ਰੂਪ 'ਚ ਪਛਾਣੇ ਜਾਣ ਵਾਲੇ ਲਗਭਗ 1000 ਦੇਵਦਾਰ ਦੇ ਰੁੱਖਾਂ ਨੂੰ ਸੜਕ ਚੌੜੀਕਰਨ ਦੇ ਨਾਂ 'ਤੇ ਬਲੀਦਾਨ ਕਰਨ ਦੀ ਯੋਜਨਾ ਸੀ।

ਲੋਕਾਂ ਨੂੰ ਜਿਉਂ ਹੀ ਪਤਾ ਲੱਗਾ ਕਿ ਇੱਥੇ ਹਰੇ ਰੁੱਖਾਂ ਨੂੰ ਵੱਢਣ ਲਈ ਨਿਸ਼ਾਨ ਲਾਏ ਜਾ ਰਹੇ ਹਨ ਤਾਂ ਅਲਮੋੜਾ ਜ਼ਿਲੇ ਦੇ ਆਸ-ਪਾਸ ਵਿਰੋਧ ਦੇ ਸੁਰ ਤੇਜ਼ ਹੋ ਗਏ। ਨਤੀਜੇ ਵਜੋਂ ਸਬੰਧਤ ਵਿਭਾਗ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ ਤੇ ਫਿਲਹਾਲ ਜੰਗਲ ਬਚ ਗਏ।

ਇਸ ਤੋਂ ਪਹਿਲਾਂ ਵੀ ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ 'ਚ ਚਾਹ ਦੇ ਬਾਗਵਾਨ, ਆਸ਼ਾ ਰੋੜੀ, ਸਹਿਤਰਧਾਰਾ, ਥਾਣਿਆ ਵਰਗੀਆਂ ਥਾਵਾਂ ਦੀ ਖੁਸ਼ਹਾਲ ਜੈਵਿਕ ਵੰਨ-ਸੁਵੰਨਤਾ ਦੀ ਵੱਡੇ ਪੱਧਰ 'ਤੇ ਕਟਾਈ ਕੀਤੀ ਗਈ।

ਇੱਥੇ ਸਾਲੂ, ਸਾਗਵਾਨ ਅਤੇ ਹੋਰ ਬਹੁਕੀਮਤੀ ਕਿਸਮ ਦੀਆਂ ਜੰਗਲੀ ਬਨਸਪਤੀਆਂ ਹਨ ਜਿਨ੍ਹਾਂ ਨੂੰ ਵਿਕਾਸ ਦੇ ਨਾਂ 'ਤੇ ਵੱਢਣ ਦੀ ਯੋਜਨਾ ਜਦੋਂ ਸਾਹਮਣੇ ਆਈ ਤਾਂ ਲੋਕਾਂ ਦੇ ਪੁਰਜ਼ੋਰ ਵਿਰੋਧ ਕੀਤਾ ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਿੱਥੇ ਵਿਰੋਧ ਦੇ ਸੁਰ ਪੂਰੇ ਰਾਸ਼ਟਰੀ ਪੱਧਰ ਤੱਕ ਪਹੁੰਚ ਗਏ ਉੱਥੇ ਰਾਤੋ-ਰਾਤ ਹਜ਼ਾਰਾਂ ਰੁੱਖਾਂ ਦੀ ਹਜਾਮਤ ਕਰ ਦਿੱਤੀ ਗਈ।

ਹਿਮਾਲਿਆ ਖੇਤਰ 'ਚ ਹਰ ਰੋਜ਼ ਕਿਤੇ ਨਾ ਕਿਤੇ ਲੋਕ ਜੰਗਲ ਬਚਾਉਣ ਲਈ ਆਵਾਜ਼ ਦਿੰਦੇ ਹਨ। ਇਸ ਦੇ ਬਾਵਜੂਦ ਸਰਕਾਰ ਆਪਣੀ ਮਨਮਰਜ਼ੀ ਨਾਲ ਜਿੱਥੇ ਚਾਹੇ ਉੱਥੇ ਦੇ ਜੰਗਲ ਵੱਢ ਦਿੰਦੀ ਹੈ। ਇਨ੍ਹਾਂ 'ਚ ਪਾਣੀ ਦੇ ਸੋਮੇ, ਜੈਵਿਕ ਵੰਨ-ਸੁਵੰਨਤਾ ਆਦਿ ਦੀ ਸੰਭਾਲ ਦਾ ਕਿਤੇ ਕੋਈ ਧਿਆਨ ਨਹੀਂ ਰੱਖਿਆ ਜਾਂਦਾ।

ਅੱਜਕਲ ਦੀ ਇਕ ਤਾਜ਼ੀ ਉਦਾਹਰਣ ਦੇਹਰਾਦੂਨ 'ਚ ਹੀ ਸਥਿਤ 'ਖਲੰਗਾ ਰਿਜ਼ਰਵ ਫਾਰੈਸਟ' ਦੀ ਹੈ ਜਿੱਥੇ 5 ਹੈਕਟੇਅਰ ਜੰਗਲੀ ਜ਼ਮੀਨ ਦੀ ਨਿਸ਼ਾਨਦੇਹੀ ਕਰ ਕੇ ਸਾਲੂ ਦੇ 2000 ਤੋਂ ਵੱਧ ਰੁੱਖਾਂ ਨੂੰ 'ਸੌਂਗ ਵਾਟਰ ਟ੍ਰੀਟਮੈਂਟ ਪਲਾਂਟ' ਦੇ ਨਾਂ 'ਤੇ ਵੱਢਣ ਦੀ ਤਿਆਰੀ ਚੱਲ ਰਹੀ ਹੈ। ਇਸ ਦਾ ਵਿਰੋਧ ਵੀ ਮਈ ਦੇ ਤੀਜੇ ਹਫਤੇ ਤੋਂ ਸ਼ੁਰੂ ਹੋਇਆ ਹੈ।

**ਸੁਰੇਸ਼ ਭਾਈ**

'ਖਲੰਗਾ ਜੰਗਲੀ ਇਲਾਕੇ' 'ਚ ਜਿੱਥੇ ਸਾਲੂ ਦੇ ਰੁੱਖਾਂ ਨੂੰ ਵੱਢਣ ਦੀ ਯੋਜਨਾ ਹੈ, ਸਾਲੂ ਦੇ ਸੰਘਣੇ ਜੰਗਲਾਂ ਵਿਚਾਲੇ 'ਵਾਰ ਮੈਮੋਰੀਅਲ' ਦੇ ਨਾਂ ਨਾਲ ਇਕ ਇਤਿਹਾਸਕ ਸਥਾਨ ਬਣਿਆ ਹੋਇਆ ਹੈ। ਇਹ ਸਥਾਨ ਗੋਰਖਾ ਸੈਨਾਪਤੀ ਬਲਭਦਰ ਥਾਪਾ ਅਤੇ ਅੰਗ੍ਰੇਜ਼ ਫੌਜ ਦਰਮਿਆਨ ਹੋਈ ਜੰਗ 'ਚ ਇਤਿਹਾਸਕ ਬਹਾਦਰੀ ਦਿਖਾਉਣ ਦਾ ਪ੍ਰਤੀਕ ਹੈ।

ਇੱਥੇ ਬਲਭਦਰ ਥਾਪਾ ਦੀ ਇਕ ਯਾਦ ਬਣੀ ਹੋਈ ਹੈ, ਇਸ ਲਈ ਗੋਰਖਾਲੀ ਭਾਈਚਾਰੇ 'ਚ ਵੀ ਇਸ ਦਾ ਵਿਆਪਕ ਵਿਰੋਧ ਹੈ। ਇੱਥੇ ਇਕ ਅਜਿਹਾ ਜਲ ਸਰੋਤ ਵੀ ਹੈ ਜਿੱਥੇ ਦਾ ਪਾਣੀ ਪੀਣ ਨਾਲ ਕਈ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ। ਇਸ ਤੇ ਵੀ ਖਤਰਾ ਮੰਡਰਾਅ ਰਿਹਾ ਹੈ।

ਅਜਿਹੇ 'ਚ ਖਲੰਗਾ ਦੇ ਜੰਗਲ ਤੇ ਪਾਣੀ ਨੂੰ ਬਚਾਉਣ ਲਈ ਲੋਕਾਂ ਨੇ ਸਰਕਾਰੀ ਵਿਭਾਗ ਵੱਲੋਂ ਨਿਸ਼ਾਨਦੇਹੀ ਕੀਤੇ ਗਏ ਹਜ਼ਾਰਾਂ ਸਾਲ ਦੇ ਰੁੱਖਾਂ 'ਤੇ ਰੱਖਿਆ ਸੂਤਰ ਬੰਨ੍ਹ ਕੇ ਬਚਾਉਣ ਦਾ ਸੰਕਲਪ ਲਿਆ ਹੈ। ਜੰਗਲ ਬਚਾਉਣ ਵਾਲੇ ਲੋਕਾਂ ਦੇ ਨਾਲ ਸਥਾਨਕ ਵਿਧਾਇਕ ਉਮੇਸ਼ ਸ਼ਰਮਾ ਵੀ ਖੜ੍ਹੇ ਹਨ, ਉਨ੍ਹਾਂ ਦਾ ਸਹਿਯੋਗ ਮਿਲ ਰਿਹਾ ਹੈ।

ਹਰ ਐਤਵਾਰ ਨੂੰ ਇੱਥੇ ਲੋਕ ਇਕੱਠੇ ਹੋ ਰਹੇ ਹਨ, ਸੂਬਾ ਸਰਕਾਰ ਨੂੰ ਯਾਦ ਪੱਤਰ ਅਤੇ ਮੰਗ ਪੱਤਰ ਸੌਂਪ ਰਹੇ ਹਨ। ਇਸ ਰਾਹੀਂ ਦਬਾਅ ਪਾਇਆ ਜਾ ਰਿਹਾ ਹੈ ਕਿ ਇਸ ਪ੍ਰਾਜੈਕਟ ਨੂੰ ਅਜਿਹੀ ਥਾਂ 'ਤੇ ਲਿਜਾਇਆ ਜਾਵੇ ਜਿੱਥੇ ਜੰਗਲ ਅਤੇ ਜਲ ਸਰੋਤ ਨਾ ਹੋਣ।

ਲੋਕਾਂ ਦੀ ਇਸ ਆਵਾਜ਼ ਦਾ ਪ੍ਰਭਾਵ ਉਦੋਂ ਦਿਸਿਆ ਵੀ ਜਦੋਂ ਸਬੰਧਤ ਵਿਭਾਗ ਦੇ ਮੁੱਖ ਇੰਜੀਨੀਅਰ ਨੇ ਕਿਹਾ ਕਿ ਇਸ ਪ੍ਰਾਜੈਕਟ ਦਾ ਦੂਜਾ ਬਦਲ ਦੇਖਿਆ ਜਾ ਰਿਹਾ ਹੈ। ਜਦਕਿ ਵਿਰੋਧ ਕਰਨ ਵਾਲੇ ਲੋਕਾਂ ਕੋਲ ਅਜੇ ਤੱਕ ਅਜਿਹਾ ਕੁਝ ਸਪੱਸ਼ਟ ਤੌਰ 'ਤੇ ਲਿਖ ਕੇ ਨਹੀਂ ਆਇਆ।

ਵੰਨ-ਸੁਵੰਨਤਾ ਦੀ ਅੰਨ੍ਹੇਵਾਹ ਕਟਾਈ ਕੀਤੀ ਗਈ ਹੈ। ਦਿੱਲੀ ਤੇ ਆਦਿਵਾਸੀ ਇਲਾਕੇ 'ਚ ਵੀ, ਜਿੱਥੇ ਧਰਤੀ ਹੇਠਲਾ ਪਾਣੀ ਸੈਂਕੜੇ ਫੁੱਟ ਹੇਠਾਂ ਚਲਾ ਗਿਆ, ਜੰਗਲ-ਵਿਹੂਣਾ ਹੋਣ ਦੇ ਕਾਰਣ ਕਈ ਥਾਵਾਂ 'ਤੇ ਧਰਤੀ ਪਾਣੀ-ਸੰਭਾਲ ਦੀ ਸਮਰੱਥਾ ਗੁਆ ਚੁੱਕੀ ਹੈ।

ਅਜਿਹੀ ਭਿਆਨਕ ਸਥਿਤੀ ਨੂੰ ਜਨਮ ਦੇਣ ਵਾਲੀ ਵਿਵਸਥਾ ਤੋਂ ਕਿਵੇਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਕੁਦਰਤ ਵੱਲੋਂ ਭੇਟ ਕੀਤੇ ਗਏ ਪਾਣੀ, ਜ਼ਮੀਨ, ਜੰਗਲ ਨੂੰ ਘੱਟ-ਘੱਟ ਵਧੀਆ ਮਾਪਦੰਡਾਂ ਦੇ ਆਧਾਰ 'ਤੇ ਹੀ ਬਣਾਈ ਰੱਖਣ 'ਚ ਸਹਿਯੋਗ ਕਰਨ। ਹਾਲ ਹੀ ਦੇ ਦਿਨਾਂ 'ਚ ਹਿਮਾਲਿਆ ਇਲਾਕੇ 'ਚ ਜੰਗਲਾਂ ਦੀ ਕਟਾਈ ਦੀਆਂ ਅਜਿਹੀਆਂ ਕਈ ਉਦਾਹਰਣਾਂ ਹਨ ਜਿੱਥੇ ਵਾਤਾਵਰਣ ਸੰਭਾਲ ਦੇ ਨਾਂ 'ਤੇ ਘੋਰ ਲਾਪ੍ਰਵਾਹੀ ਸਾਹਮਣੇ ਆ ਰਹੀ ਹੈ।

# ਫਸਲਾਂ ਵਿਚ ਮੱਛੀ ਦੇ ਤਲਾਅ ਦੀ ਗਾਰ ਵਰਤੋਂ

ਮੱਛੀ ਪਾਲਣ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦਾ ਇਕ ਅਨਿੱਖੜਵਾਂ ਅੰਗ ਹੈ, ਜੋ ਭੋਜਨ ਉਤਪਾਦਨ, ਆਰਥਿਕ ਵਿਕਾਸ ਅਤੇ ਵਾਤਾਵਰਣ ਦੀ ਸਿਹਤ



ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਵੱਧ ਰਹੀ ਆਬਾਦੀ ਕਾਰਨ, ਵਧੇਰੇ ਭੋਜਨ ਉਤਪਾਦਨ ਲਈ ਉਪਜਾਊ ਜ਼ਮੀਨਾਂ ਅਤੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਦੀ ਲੋੜ ਹੈ। ਭੋਜਨ ਸੁਰੱਖਿਆ ਅਤੇ ਆਮਦਨੀ ਪੈਦਾ ਕਰਨ ਲਈ ਹਾਲ ਹੀ ਦੇ ਸਾਲਾਂ ਵਿਚ ਮੱਛੀ ਪਾਲਣ ਦੇ ਧੰਦੇ ਦਾ ਵਿਆਪਕ ਤੌਰ ਤੇ ਵਿਕਾਸ ਕੀਤਾ ਗਿਆ ਹੈ। ਮੱਛੀ ਪਾਲਣ ਭਾਰਤ ਵਿਚ ਇਕ ਤੇਜ਼ੀ ਨਾਲ ਵੱਧ ਰਿਹਾ ਸੈਕਟਰ ਹੈ, ਜੋ ਕਿ ਇਕ ਵੱਡੀ ਆਬਾਦੀ ਨੂੰ ਪੋਸ਼ਣ ਅਤੇ ਭੋਜਨ ਸੁਰੱਖਿਆ ਦੇ ਨਾਲ-ਨਾਲ ਲੋਕਾਂ ਨੂੰ ਆਮਦਨ ਅਤੇ ਰੁਜ਼ਗਾਰ ਪ੍ਰਦਾਨ ਕਰਦਾ ਹੈ।

### ਮੱਛੀ ਤਲਾਅ ਦੀ ਗਾਰ ਅਤੇ ਗੁਣਵੱਤਾ

ਮੱਛੀ ਦੇ ਉਤਪਾਦਨ ਦੇ ਨਤੀਜੇ ਵਜੋਂ ਸਮੇਂ ਦੇ ਨਾਲ ਜਲ-ਪਾਲਣ ਪ੍ਰਣਾਲੀਆਂ ਵਿਚ ਮੱਛੀ ਦੇ ਤਾਲਾਬ ਦੀ ਗਾਰ ਇਕੱਠੀ ਹੁੰਦੀ ਹੈ। ਮੱਛੀ ਤਾਲਾਬ ਦੇ ਸਫਲ ਪ੍ਰਬੰਧਨ ਲਈ ਤਿੰਨ/ਚਾਰ ਸਾਲਾਂ ਬਾਅਦ ਤਲਾਬ ਦੀ ਤਹਿ ਤੋਂ ਗਾਰ ਨੂੰ ਕੱਢਿਆ ਜਾਂਦਾ ਹੈ ਅਤੇ ਖੇਤਾਂ ਵਿਚ ਜੈਵਿਕ ਖਾਦ ਵਜੋਂ ਵਰਤੋਂ ਕੀਤੀ ਜਾ ਸਕਦੀ ਹੈ। ਮੱਛੀ ਦੇ ਤਾਲਾਅ ਵਿਚ ਨਿਯਮਤ ਭੋਜਨ ਪਾਉਣ ਦੇ ਨਤੀਜੇ ਵਜੋਂ ਗਾਰ ਵਿਚ ਜੈਵਿਕ ਪਦਾਰਥ, ਨਾਈਟ੍ਰੋਜਨ ਅਤੇ ਫਾਸਫੋਰਸ ਇਕੱਠਾ ਹੁੰਦਾ ਰਹਿੰਦਾ ਹੈ। ਜੋ ਕਿ ਫਸਲ ਦੇ ਉਤਪਾਦਨ ਨੂੰ ਵਧਾਉਣ ਅਤੇ ਜ਼ਮੀਨ ਨੂੰ ਉਪਜਾਊ ਬਣਾਉਣ ਲਈ ਸਹਾਇਕ ਹੁੰਦੀ ਹੈ। ਇਹ ਗਾਰ ਫਸਲਾਂ ਦੇ ਉਤਪਾਦਨ, ਨਰਸਰੀ ਪੌਟ ਕਲਚਰ, ਆਦਿ ਵਿਚ ਖਾਦ ਦੇ ਤੌਰ ਤੇ ਸਫਲਤਾ ਪੂਰਵਕ ਵਰਤੋਂ ਕੀਤੀ ਜਾ ਸਕਦੀ ਹੈ।

### ਸੰਯੁਕਤ ਖੇਤੀ ਪ੍ਰਣਾਲੀ ਵਿਚ ਮੱਛੀ ਦੇ ਤਾਲਾਅ ਦੀ ਗਾਰ ਦੀ ਵਰਤੋਂ

ਖੇਤਾਂ ਵਿੱਚ ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ ਕਰਨਾ ਖੇਤੀਬਾੜੀ ਅਤੇ ਵਾਤਾਵਰਣ ਸੰਬੰਧੀ ਚਿੰਤਾਵਾਂ ਨੂੰ ਹੱਲ ਕਰਦਾ ਹੈ। ਇਹ ਗਾਰ, ਜੈਵਿਕ ਪਦਾਰਥਾਂ ਅਤੇ ਜ਼ਰੂਰੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀ ਹੈ, ਜੋ ਕਿ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਨਮੀ ਨੂੰ ਬਣਾਈ ਰੱਖਣ ਦਾ ਕੰਮ ਕਰਦੀ ਹੈ। ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ ਕਰਕੇ, ਕਿਸਾਨ ਰਸਾਇਣਕ ਖਾਦਾਂ 'ਤੇ ਆਪਣੀ ਨਿਰਭਰਤਾ ਨੂੰ ਘਟਾ ਸਕਦੇ ਹਨ, ਜਿਸ ਨਾਲ ਉਤਪਾਦਨ ਲਾਗਤ ਵੀ ਘੱਟ ਜਾਂਦੀ ਹੈ ਅਤੇ ਵਾਤਾਵਰਣ ਪ੍ਰਦੂਸ਼ਣ ਵੀ ਘੱਟ ਹੁੰਦਾ ਹੈ। ਸਕੂਲ ਆਫ ਆਰਗੈਨਿਕ ਫਾਰਮਿੰਗ, ਪੀ. ਏ. ਯੂ., ਲੁਧਿਆਣਾ ਦੇ ਖੋਜ ਫਾਰਮ ਵਿਖੇ ਕੀਤੇ ਗਏ ਤਜਰਬਿਆਂ ਤੋਂ ਬਾਅਦ, ਫਸਲਾਂ ਵਿਚ ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ ਬਾਰੇ, ਇੱਕ ਸਿਫਾਰਿਸ਼ ਕੀਤੀ ਗਈ ਹੈ, ਕਿ ਜੇਕਰ ਖੇਤ ਵਿਚ 15 ਟਨ ਪ੍ਰਤੀ ਹੈਕਟੇਅਰ ਮੱਛੀ ਦੇ ਤਲਾਅ ਦੀ ਗਾਰ ਪਾਉਣ ਤੋਂ ਬਾਅਦ ਝੋਨੇ ਦੀ ਪਨੀਰੀ ਦੀ ਲਵਾਈ ਜਾਵੇ ਜਾਂ ਮੱਕੀ ਦੀ ਬਿਜਾਈ ਕਰਨੀ ਹੋਵੇ, ਤਾਂ ਸਿਫਾਰਸ਼ ਕੀਤੀ ਗਈ ਖਾਦ ਨਾਲੋਂ 25% ਘੱਟ ਖਾਦ ਪਾ ਸਕਦੇ ਹਾਂ ਭਾਵ ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ ਨਾਲ ਝੋਨੇ/ਮੱਕੀ ਨੂੰ 25% ਰਸਾਇਣਕ ਖਾਦ ਦਾ ਖਰਚਾ ਘਟਾਇਆ ਜਾ ਸਕਦਾ ਹੈ। ਇਸ ਖੋਜ ਦਾ ਉਦੇਸ਼ ਖੇਤੀਬਾੜੀ ਨੂੰ ਜੋੜਦੇ ਹੋਏ, ਸਰੋਤ ਪ੍ਰਬੰਧਨ ਅਤੇ ਫਸਲ ਉਤਪਾਦਕਤਾ ਨੂੰ ਉਤਸ਼ਾਹਿਤ ਕਰਦੇ ਹੋਏ ਪੌਸ਼ਟਿਕ ਤੱਤਾਂ ਦੀ ਵਰਤੋਂ ਨੂੰ ਅਨੁਕੂਲ ਬਣਾਉਣਾ ਹੈ।

# ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫਲ ਦੀ ਮੱਖੀ ਤੋਂ ਬਚਾਓ

ਫਲ ਦੀ ਮੱਖੀ, ਅਮਰੂਦ ਦਾ ਆਮ ਅਤੇ ਬਹੁਤ ਹਾਨੀਕਾਰਕ ਕੀੜਾ ਹੈ ਜਿਸਦਾ ਵਾਧਾ ਬੜੀ ਤੇਜ਼ੀ ਨਾਲ ਹੁੰਦਾ ਹੈ। ਅਮਰੂਦਾਂ ਵਿਚ ਫਲਾਂ ਦੇ ਰੰਗ ਬਦਲਣ ਸਮੇਂ ਫਲ ਦੀ ਮੱਖੀ ਨਰਮ ਛਿਲਕੇ ਤੇ ਆਂਡੇ ਦਿੰਦੀ ਹੈ। ਆਂਡਿਆਂ 'ਚੋਂ ਬੱਚੇ ਨਿੱਕਲਣ ਤੋਂ ਬਾਅਦ ਇਹ ਫਲਾਂ 'ਚ ਛੇਕ ਕਰਕੇ ਅੰਦਰ ਚਲੇ ਜਾਂਦੇ ਹਨ ਅਤੇ ਨਰਮ ਗੁੱਦਾ ਖਾਂਦੇ ਹਨ। ਹਮਲੇ ਵਾਲੇ ਫਲ ਧੱਸੇ ਹੋਏ ਤੇ ਕਾਲੇ-ਹਰੇ ਮੋਰੀਆਂ ਵਾਲੇ ਦਿਸਦੇ ਹਨ। ਕੱਟ ਕੇ ਦੇਖਣ ਤੇ ਕੀੜੇ ਦੀਆਂ ਸੁੰਡੀਆਂ ਨਜ਼ਰ ਆਉਂਦੀਆਂ ਹਨ। ਖਰਾਬ ਫਲ ਗਲ ਕੇ ਹੇਠਾਂ ਡਿੱਗ ਪੈਂਦੇ ਹਨ। ਫਲ ਦੀਆਂ ਮੱਖੀਆਂ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਓ ਅਤੇ ਲੋੜ ਪੈਣ ਤੇ ਦੁਬਾਰਾ ਲਗਾਓ। ਬੂਟਿਆਂ ਨੂੰ ਸਿਫਾਰਸ਼ਾਂ ਮੁਤਾਬਕ ਖਾਦ ਪਾਓ। ਬੂਟਿਆਂ ਜਾਂ ਬਾਗਾਂ ਦਾ ਆਲਾ-ਦੁਆਲਾ ਵੀ ਸਾਫ-ਸੁਥਰਾ ਰੱਖੋ।

**ਬਰਸਾਤ ਰੁੱਤ ਦੇ ਅਮਰੂਦਾਂ ਉੱਪਰ ਲਿਫਾਫੇ ਚੜਾਉਣ (ਬੈਗਿੰਗ) ਦੀ ਤਕਨੀਕ** : ਹਾਲਾਂ ਕਿ ਉਪਰੋਕਤ ਵਿਧੀਆਂ ਨਾਲ ਵਪਾਰਕ ਪੱਧਰ ਵਾਲੇ ਬਾਗਾਂ ਵਿਚ ਫਲ ਦੀ ਮੱਖੀ ਦੇ ਹਮਲੇ ਨੂੰ ਘਟਾ ਕੇ ਕਾਫੀ ਲਾਹਾ ਲਿਆ ਜਾ ਸਕਦਾ ਹੈ। ਅਮਰੂਦਾ ਤੋਂ ਬਰਸਾਤ ਰੁੱਤ ਵਿਚ ਕੀੜਾ ਰਹਿਤ ਵਧੀਆ ਫਲ ਲੈਣ ਲਈ ਇਕੱਲੇ-ਇਕੱਲੇ ਫਲ ਉਪਰ ਖਾਸ ਤਰ੍ਹਾਂ ਦੇ ਲਿਫਾਫੇ ਚੜਾ ਕੇ ਇਕ ਭੌਤਿਕ ਰੋਕ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਲਿਫਾਫਾ ਚੜ੍ਹਾਏ ਫਲ ਨਾ ਸਿਰਫ ਮੱਖੀ ਦੇ ਹਮਲੇ ਤੋਂ ਬਚਣਗੇ ਸਗੋਂ ਫਲਾਂ ਦੇ ਝਾੜ, ਅਕਾਰ ਅਤੇ ਗੁਣਵੱਤਾ ਵਿਚ ਵੀ ਵਾਧਾ ਹੋਵੇਗਾ। ਅਜਿਹਾ ਕਰਨ ਨਹੀ ਬਰਸਾਤ ਰੁੱਤ ਦੇ ਫਲ ਪੈਦਾ ਕਰਨ ਲਈ ਕਿਸੇ ਵੀ ਕੀਟਨਾਸ਼ਕ ਦੀ ਜ਼ਰੂਰਤ ਨਹੀਂ ਪਵੇਗੀ। ਅਮਰੂਦ ਦੀ ਬਰਸਾਤੀ ਫਸਲ ਲੈਣ ਲਈ ਫਲਾਂ ਉੱਪਰ ਚਿੱਟੇ ਰੰਗ ਦੇ ਅਤੇ ਤਕਰੀਬਨ 9×6 ਇੰਚ ਅਕਾਰ ਦੇ ਨਾਲ-ਵੂਵਨ ਲਿਫਾਫੇ ਚੜਾ ਕੇ ਤਕਰੀਬਨ 100 ਪ੍ਰਤੀਸ਼ਤ ਫਲਾਂ ਨੂੰ ਕਾਣੇ ਹੋਣ ਤੋਂ ਬਚਾਇਆ ਜਾ ਸਕਦਾ ਹੈ। ਧਿਆਨ ਰੱਖੋ ਕਿ ਲਿਫਾਫਾ ਚੜਾਉਣ ਸਮੇਂ ਫਲ ਪੂਰੇ ਵੱਡੇ ਪਰ ਅਜੇ ਸਖ਼ਤ-ਹਰੇ ਹੋਣ। ਲਿਫਾਫਾ ਸਹੀ ਤਰੀਕੇ ਨਾਲ ਚੜਾਉਣਾ ਚਾਹੀਦਾ ਹੈ ਅਤੇ ਇਸਨੂੰ ਇਸ ਤਰ੍ਹਾਂ ਬੰਦ ਕਰੋ ਕਿ ਇਸ ਵਿਚ ਫਲ ਦੀ ਮੱਖੀ ਅੰਦਰ ਨਾ ਜਾ ਸਕੇ। ਇਸ ਕੰਮ ਲਈ ਸਟੈਪਲਰ ਜਾਂ ਸੂਈ ਪਿੰਨਾ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਹਿਲਾਂ ਤੋਂ ਹੀ ਮੱਖੀ ਦੇ ਅੰਡਿਆਂ ਨਾਲ ਗ੍ਰਸੇ ਫਲਾਂ ਉੱਪਰ ਲਿਫਾਫੇ ਚੜਾਉਣ ਦਾ ਕੋਈ ਫਾਇਦਾ ਨਹੀਂ ਹੋਵੇਗਾ, ਅਜਿਹੇ ਫਲ ਲਿਫਾਫਿਆਂ ਅੰਦਰ ਹੀ ਖਰਾਬ ਹੋ ਜਾਣਗੇ। ਧਿਆਨ ਰੱਖੋ ਕਿ ਲਿਫਾਫਿਆਂ ਵਿਚ ਬਰਸਾਤ ਦਾ ਪਾਣੀ ਨਹੀਂ ਜਮਾ ਹੋਣਾ ਚਾਹੀਦਾ। ਲਿਫਾਫਾ ਚੜਾਏ ਫਲਾਂ ਨੂੰ ਰੰਗ ਬਦਲਣ ਦੀ ਅਵਸਥਾ ਤੇ ਤੋੜ ਲਵੋ।

**ਜਸਵਿੰਦਰ ਸਿੰਘ ਬਰਾੜ, ਕਿਰਨਦੀਪ ਕੌਰ ਅਤੇ ਐਨ. ਕੇ. ਅਰੋੜਾ, ਫਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 99158-33793)**




# ਭਿਆਨਕ 'ਜਲ-ਸੰਕਟ' ਵੱਲ ਵਧ ਰਹੇ ਹਾਂ ਅਸੀਂ

ਵਿਜੈ ਬੰਬੇਲੀ
ਮੋ. 94634-39075

ਪਾਣੀ, ਸਾਡੀ ਸਮਾਜਿਕ, ਆਰਥਿਕ ਤੇ ਰਾਜਨੀਤਕ ਸ਼ਕਤੀ ਹੈ। ਕੁਦਰਤ ਦਾ ਅਦਭੁੱਤ ਕ੍ਰਿਸ਼ਮਾ, ਜ਼ਿੰਦਗੀ ਦੀ ਧਰੋਹਰ। ਕਦੇ ਅਸੀਂ ਜਲ ਨਾਲ ਸ਼ਰਸਾਰ ਸਾਂ। ਹੁਣ, ਦੁਨੀਆਂ ਦੀ ਕੁੱਲ ਵਸੋਂ ਦਾ 18 ਫੀਸਦੀ ਸਾਡੇ ਦੇਸ਼ 'ਚ ਵਸਦਾ ਹੈ ਪਰ ਧਰਤੀ ਦੇ ਕੁੱਲ ਜਲ-ਸਰੋਤਾਂ 'ਚੋਂ ਸਾਡੇ ਕੋਲ ਮਸਾਂ 4 ਫੀਸਦੀ ਹਨ। 2030 ਤੱਕ ਜਿਹੜੇ 33 ਮੁਲਕ ਗੰਭੀਰ ਜਲ-ਸੰਕਟ ਦੇ ਸ਼ਿਕਾਰ ਹੋ ਜਾਣਗੇ, ਭਾਰਤ ਉਨ੍ਹਾਂ ਵਿੱਚੋਂ ਇਕ ਹੈ। ਭਾਰਤ ਦੇ ਜਿਨ੍ਹਾਂ 13 ਰਾਜਾਂ 'ਚ ਗੰਭੀਰ ਜਲ ਸੰਕਟ ਪਨਪ ਰਿਹਾ ਹੈ, ਪੰਜਾਬ ਉਨ੍ਹਾਂ ਵਿਚੋਂ ਇਕ ਹੈ। ਮੁਲਕ ਦੇ ਜਿਹੜੇ 258 ਜ਼ਿਲਿਆਂ 'ਚ ਗੰਭੀਰ ਜਲ ਸੰਕਟ ਹੋਣ ਜਾ ਰਿਹਾ ਹੈ, ਪੰਜਾਬ ਦੇ 17 ਜ਼ਿਲ੍ਹੇ ਉਨ੍ਹਾਂ ਵਿਚ ਸ਼ੁਮਾਰ ਹਨ। 'ਨੈਸ਼ਨਲ ਗਰੀਨ ਟ੍ਰਿਬਿਊਨਲ' ਅਨੁਸਾਰ ਪੰਜਾਬ ਦੇ ਜਲ-ਵਹਿਣ ਸੁੱਕ ਚੱਲੇ ਹਨ ਅਤੇ ਇਸ ਦੀ ਧਰਤੀ ਹੇਠ ਸਿਰਫ 17 ਵਰ੍ਹਿਆਂ ਦੀ ਵਰਤੋਂ ਜੋਗਾ ਹੀ ਪਾਣੀ ਬਚਿਆ ਹੈ, ਉਹ ਵੀ ਬੇਅੰਤ ਡੂੰਘਾ।

ਬੀਤੀ ਸਦੀ ਦੇ ਸ਼ੁਰੂ 'ਚ ਪ੍ਰਤੀ ਵਿਅਕਤੀ ਜਲ-ਉਪਲੱਬਧੀ 8192 ਘਣ ਮੀਟਰ ਹਰ ਸਾਲ ਸੀ, ਜਿਹੜੀ ਆਜ਼ਾਦੀ ਤੋਂ ਅੱਧੀ ਸਦੀ ਬਾਅਦ ਹੀ 5694 ਘਣ ਮੀਟਰ ਰਹਿ ਗਈ ਸੀ। ਕਾਰਨ, ਆਬਾਦੀ ਵਾਧਾ ਅਤੇ ਪਾਣੀ ਦਾ ਦੁਰ-ਪ੍ਰਬੰਧ/ਦੁਰ-ਪ੍ਰਬੰਧ। ਜੇਕਰ ਇਹੀ ਰਹੀ ਤਾਂ, 2050 ਤੱਕ ਇਹ 158 ਕਰੋੜ ਹੋ ਜਾਵੇਗੀ। ਇੰਜ ਪ੍ਰਤੀ ਸਾਲ ਹਰ ਵਿਅਕਤੀ ਦੇ ਹਿੱਸੇ ਔਸਤਨ 1235 ਘ. ਮੀ. ਪਾਣੀ ਹੀ ਰਹਿ ਜਾਵੇਗਾ, ਜਿਹੜਾ ਤਾ-ਕਿਸਮ ਦੀ ਵਿਅਕਤੀਗਤ ਲੋੜ (2500 ਘਣ ਮੀਟਰ) ਦਾ ਅੱਧ ਹੈ। ਉਦਾਹਰਣ ਵਜੋਂ, ਕਿਲੋ ਚੀਨੀ ਹਿੱਤ 2000 ਲੀਟਰ, ਇਕ ਕਿਲੋ ਚੌਲਾਂ ਲਈ ਔਸਤਨ 4000 ਲੀਟਰ, ਇਕ ਕਿਲੋ ਸੀਮਿੰਟ ਬਣਾਉਣ ਲਈ 800 ਅਤੇ ਟਨ ਲੋਹਾ ਨਿਰਮਾਣ ਲਈ ਤਕਰੀਬਨ 20000 ਲੀਟਰ ਪਾਣੀ ਦੀ ਲੋੜ ਪੈਂਦੀ ਹੈ। ਹਾਂ, ਬਹੁਤੀਆਂ ਵਸਤਾਂ, ਕੁਝ-ਇਕ ਤੋਂ ਬਿਨਾਂ, ਜੀਵਨ ਨਿਰਬਾਹ ਸੰਭਵ ਨਹੀਂ ਪਰ ਸੰਜਮੀ ਵਰਤੋਂ ਤਾਂ ਕੀਤੀ ਹੀ ਜਾ ਸਕਦੀ ਹੈ। ਭਲਾ ! ਲੀਟਰ ਕੁ ਸਾਫਟ ਡਰਿੰਕ ਬਣਾਉਣ ਲਈ 80 ਲੀਟਰ ਜਲ-ਖਪਤ ਅਤੇ ਮਹਿਜ਼ ਇਕ ਗਲਾਸੀ ਬੀਅਰ /ਵਾਈਨ ਬਦਲੇ



250 ਲੀਟਰ ਪਾਣੀ ਵਰਤਣਾ ਸਿਆਣਪ ਨਹੀਂ ?

ਸੰਨ 2050 ਤੱਕ, ਡੇਢ ਅਰਬ ਢਿੱਡ ਭਰਨ ਲਈ ਭਾਰਤੀ ਧਰਤੀ (ਜਲ-ਜੰਗਲ ਅਤੇ ਸਮੁੰਦਰ ਤੇ ਪਹਾੜਾਂ) 'ਤੇ ਬੇਤਹਾਸ਼ਾ ਬੋਝ ਵਧੇਗਾ। ਸਿੱਟੇ ਵਜੋਂ, ਬੇਹੱਦ ਅਲਾਮਤਾਂ ਦਰਪੇਸ਼ ਹੋਣਗੀਆਂ। ਮੈਂ ਸਿਰਫ ਪਾਣੀ, ਖਾਸ ਕਰਕੇ ਧਰਤੀ ਹੇਠਲੇ ਪਾਣੀ ਨੂੰ ਹੀ ਸੰਬੋਧਿਤ ਹੋਵਾਂਗਾ। ਸਿਰਫ ਖੇਤੀ-ਸਿੰਚਾਈ ਲਈ ਹੀ ਲੋੜੀਂਦੇ 808 ਅਰਬ ਘਣ ਮੀਟਰ ਪਾਣੀ ਹਿੱਤ ਵਗਦੇ ਜਾਂ ਖੜ੍ਹੇ ਜਲ-ਸੋਮਿਆਂ (ਜਿਹੜੇ ਤੇਜ਼ੀ ਨਾਲ ਘੱਟਦੇ ਜਾ ਰਹੇ ਹਨ) ਦੀ ਬੇਕਿਰਕ/ਸੰਭਾਵਿਤ ਵਰਤੋਂ ਤੋਂ ਬਿਨਾਂ ਭਾਰਤੀ ਧਰਤੀ ਵਿਚੋਂ ਹੀ ਕਰੀਬ 447 ਅਰਬ ਘਣ ਮੀਟਰ, ਖਤਰਨਾਕ ਹੱਦ ਤੋਂ ਕਿਤੇ ਜ਼ਿਆਦਾ, ਪਾਣੀ ਖਿੱਚਿਆ ਜਾਵੇਗਾ। ਨਤੀਜਾ, ਜਲ-ਤੱਕੀ, ਤਹਿਸ-ਨਹਿਸ ਹੋ ਜਾਵੇਗੀ। ਬੀਤੇ ਦੋ ਦਹਾਕੇ ਵਿਚ ਹੀ ਭਾਰਤ ਵਿਚ ਜ਼ਮੀਨੀ ਪਾਣੀ ਕੱਢਣ ਦੀ ਦਰ ਵਿਚ 10 ਗੁਣਾਂ ਵਾਧਾ ਹੋਇਆ ਹੈ। ਕੁੱਲ ਬਿਜਲੀ ਉਤਪਾਦਨ ਦਾ 5ਵਾਂ ਹਿੱਸਾ (20 ਫੀਸਦੀ) ਇਸੇ ਕਾਰਜ ਵਿਚ ਖਪਤ ਹੋ ਜਾਂਦਾ ਹੈ। ਜਿੱਥੇ ਪਾਣੀ ਅਤੇ ਸਿੰਚਾਈ ਲਈ ਬਿਜਲੀ ਮੁਫਤ ਹੈ, ਉੱਥੇ ਹਾਲਤਾਂ ਬੇਹੱਦ ਦੁੱਭਰ ਹਨ। ਚਾਹੀਦਾ ਇਹ ਹੈ ਕਿ ਬਿਜਲੀ ਦੀ ਸਪਲਾਈ ਨਿਰੰਤਰ ਕਰਕੇ ਵਾਜਬ ਰੇਟਾਂ 'ਤੇ ਪਾਣੀ ਦੀ ਵਿਗਿਆਨਕ ਅਤੇ ਸੰਜਮੀ ਵਰਤੋਂ ਹੋਵੇ। ਦਰ-ਹਕੀਕਤ, ਸਾਮਰਾਜ, ਧਨ ਕੁਬੇਰਾਂ ਅਤੇ ਉਨ੍ਹਾਂ ਦੀਆਂ ਦਲਾਲ ਹਾਕਮ ਜਮਾਤਾਂ ਨੇ 'ਹਰੇ ਇਨਕਲਾਬ' ਦੇ ਨਾਂ ਹੇਠ 'ਵਿਉਂਤਬੱਧ ਚਾਲ', 'ਅਖੌਤੀ ਆਰਥਿਕ ਆਰਥਿਕ ਚੋਗਾ ਅਤੇ ਪੜੁੱਲ ਬੰਨ੍ਹਵੀਂ ਬੱਲੇ-ਬੱਲੇ', ਨਾਲ ਸਾਡੀ ਰਿਵਾਇਤੀ ਖੇਤੀ ਤਬਾਹ ਕਰਕੇ, ਆਪਣੇ ਹਿੱਤਾਂ ਨੂੰ ਰਾਸ ਆਉਂਦਾ ਅਜਿਹਾ ਫਸਲੀ ਚੱਕਰ ਸ਼ੁਰੂ ਕਰਵਾਇਆ, ਜਿਸ ਨੇ ਪੰਜਾਬ ਦਾ ਸਾਵਾਂ ਜਲਵਾਯੂ, ਕੁਦਰਤਨ ਜਰਖੇਜ਼ ਮਿੱਟੀ ਅਤੇ ਜਲ ਸੋਮੇ ਨਿਗਲ ਲਏ।

ਵਰਖਾ ਦੇ ਅਤੇ ਵਗਦੇ-ਖੜ੍ਹੋਤੇ ਪਾਣੀਆਂ ਨਾਲ, ਹਰ ਵਰ੍ਹੇ, ਸਾਡੀ ਜਿੰਨੀ ਕੁ ਜਲ ਤੱਗੀ ਜਰਖੇਜ਼ ਹੁੰਦੀ ਹੈ ਉਹ ਸਿਰਫ 17 ਅਰਬ ਘਣ ਮੀਟਰ ਹੈ। ਪਰ, ਮੌਜੂਦਾ ਸਮੇਂ ਪੰਜਾਬ 28 ਅਰਬ ਘਣ ਮੀਟਰ ਪਾਣੀ ਧਰਤੀ ਹੇਠੋਂ ਖਿੱਚਦਾ ਹੈ, ਜਿਸ ਨਾਲ ਕਈ ਹੋਰ ਕੁਦਰਤੀ ਅਲਾਮਤਾਂ, ਮਿੱਟੀ ਦਾ ਗਰਕਣਾ, ਭੁਚਾਲ, ਅਤੇ ਬੇਹੱਦ ਤਪਸ਼ ਆਦਿ ਸ਼ੁਰੂ ਹੋ ਜਾਣਗੀਆਂ। ਸ਼ਾਇਦ, ਤੁਹਾਨੂੰ ਨਹੀਂ ਪਤਾ ਕਿ ਧਰਤੀ ਦੀਆਂ ਅੰਦਰੂਨੀ ਪਲੇਟਾਂ ਦੀਆਂ ਵਿਰਲਾਂ ਵਿਚ ਭਰਿਆ ਪਾਣੀ ਧਰਤੀ ਨੂੰ ਬੋਚ ਕੇ ਰੱਖਦਾ ਹੈ, ਸਾਵੇਂ ਮੌਸਮਾਂ ਦਾ ਨਿਆਈਂ ਹੈ ਅਤੇ ਧਰਤੀ ਨੂੰ ਠੰਡਾ ਰੱਖਦਾ ਹੈ। ਠੀਕ ਹੈ ਕਿ ਕਈ ਉਦਯੋਗ ਬੇਤਹਾਸ਼ਾ ਜ਼ਮੀਨਦੋਜ਼ ਪਾਣੀ ਖਿੱਚਦੇ ਰਧਿਲਾਉਂਦੇ ਅਤੇ ਉਸ ਦੀ ਦੁਰਵਰਤੋਂ ਕਰਦੇ ਹਨ ਪਰ ਪੰਜਾਬ ਵਿਚ ਕਿੰਨੇ ਕੁ ਉਦਯੋਗ ਹਨ ? ਇਕ ਸਰਵੇ ਮੁਤਾਬਿਕ, ਪੰਜਾਬ ਖੇਤੀ ਲਈ 70 ਫੀਸਦੀ, ਘਰੇਲੂ ਵਰਤੋਂ ਲਈ 11 ਫੀਸਦੀ, ਉਦਯੋਗਾਂ ਹਿੱਤ 8 ਫੀਸਦੀ ਅਤੇ ਹੋਰ ਕਾਰਜਾਂ ਲਈ 5 ਫੀਸਦੀ ਵਰਤੋਂ ਕਰਦਾ ਹੈ। ਚੇਤੇ ਰੱਖੋ, ਜੇ 30 ਫੀਸਦੀ ਜ਼ਮੀਨਦੋਜ਼ ਪਾਣੀ ਵਰਤੀਏ ਤਦ 70 ਫੀਸਦੀ ਰਿਚਾਰਜ ਦੀ ਲੋੜ ਹੈ, ਇਸੇ ਨਾਲ ਹੀ ਸਾਵਾਂਪਣ ਬਰਕਰਾਰ ਰਹਿੰਦਾ ਹੈ। ਫੀਸਦੀ 40 ਦੀ ਵਰਤੋਂ ਖਤਰੇ ਦੀ ਨਿਸ਼ਾਨੀ ਹੈ। ਜੇ ਵਰਤੋਂ 70 ਫੀਸਦੀ ਹੋ ਜਾਵੇ ਤਾਂ ਇਹ ਭਿਅੰਕਰ ਹਾਲਾਤ ਹਨ। ਪਰ, ਪੰਜਾਬ ਤਾਂ 156 ਫੀਸਦੀ ਧਰਤੀ ਹੇਠੋਂ ਪਾਣੀ ਖਿੱਚ ਰਿਹਾ ਹੈ। ਯਾਨੀ ਆਮਦਨ 100 ਰੁਪਈਆ ਅਤੇ ਖਰਚਾ 156 ਰੁਪੈ। ਭਾਵ, ਪੈਰ ਹੀ ਚਾਦਰ ਤੋਂ ਬਾਹਰ ਨਹੀਂ, ਧੜ ਹੀ ਚਾਦਰ ਤੋਂ ਬਾਹਰ ਹੋ ਗਿਆ ਹੈ।

ਖੇਤੀ, ਪੰਜਾਬ ਦੀ ਸਾਹ-ਰਗ ਹੈ, ਇਸ ਦਾ ਜ਼ਿੰਦਾ ਰਹਿਣਾ ਬੇਹੱਦ ਜ਼ਰੂਰੀ ਹੈ। ਤੁਰੰਤ ਪੈਰੀਂ ਬਹੁਪਰਤੀ ਖੇਤੀ ਕਰਨ ਅਤੇ ਫਸਲੀ ਚੱਕਰ ਬਦਲਣ ਦੀ ਲੋੜ ਹੈ, ਜਿਸ ਲਈ ਹਰ ਤਰ੍ਹਾਂ ਦੀ ਪੈਦਾਵਾਰ ਦੀ ਯਕੀਨੀ ਖਰੀਦ ਅਤੇ ਵਾਜਬ ਮੁੱਲ ਨਿਰਧਾਰਤ ਕਰਨੇ ਚਾਹੀਦੇ ਹਨ। ਇਹੀ ਨਹੀਂ, ਵਿਗਿਆਨਕ ਸਿੰਚਾਈ ਅਤੇ ਵਰਖਾ ਨੂੰ ਸਾਂਭਣ-ਸਲੂਟਣ ਅਤੇ ਮੀਂਹ ਦੀ ਸੁਯੋਗ ਵਰਤੋਂ ਕਰਨੀ ਵੀ ਨਿਹਾਇਤ ਜ਼ਰੂਰੀ ਹੈ। ਪੰਜਾਬ, ਸਿੰਚਾਈ ਹਿੱਤ ਫਲੱਡ ਇਰੀਗੇਸ਼ਨ ਕਰਦਾ ਹੈ, ਜਿਸ ਨਾਲ ਮੁੱਖ ਕੱਚੀਆਂ ਖਾਲਾਂ ਅਤੇ ਢਲਾਣੀ ਤੇ ਵੱਡੇ ਕਿਆਰਿਆਂ ਨਾਲ ਬਹੁਤਾ ਪਾਣੀ ਵੱਖ-ਵੱਖ ਕਾਰਕਾਂ ਤਹਿਤ ਅਜਾਈਂ ਚਲੇ ਜਾਂਦਾ ਹੈ। ਇਸ ਵਿਧੀ ਨਾਲ 100 ਫੀਸਦੀ 'ਚੋਂ ਸਿਰਫ 40 ਫੀਸਦੀ ਪਾਣੀ ਹੀ ਅਸਲ ਮੁਕਾਮ 'ਤੇ ਪਹੁੰਚਦਾ ਹੈ। ਯਾਨਿ 60 ਫੀਸਦੀ ਪਾਣੀ (ਆੜਾਂ ਰਾਹੀਂ 25 ਫੀਸਦੀ, ਦੋਸ਼ਪੂਰਨ ਢੰਗ ਤਹਿਤ 20 ਫੀਸਦੀ ਅਤੇ ਖੇਤ 'ਚ ਪਹੁੰਚਣ ਤੱਕ 15 ਫੀਸਦੀ) ਪਹਿਲਾਂ ਹੀ ਬੇਅਰਥ ਹੋ ਜਾਂਦਾ ਹੈ। ਬਾਕੀ 40 ਫੀਸਦੀ ਵਿਚੋਂ (15 ਫੀਸਦੀ ਜੀਰ ਜਾਂਦਾ ਹੈ, 20 ਫੀਸਦੀ ਵਾਸ਼ਪੀਕਰਨ ਨਾਲ ਉੱਡ ਜਾਂਦਾ ਹੈ) ਸਿਰਫ 5 ਫੀਸਦੀ ਪਾਣੀ ਦੀ ਹੀ ਪੌਦਾ ਵਰਤੋਂ ਕਰ ਸਕਦਾ ਹੈ। ਦਰ-ਹਕੀਕਤ, ਇਸ ਸਾਰੇ ਤੋਂ ਮੁਕੰਮਲ ਬਚਿਆ ਨਹੀਂ ਜਾ ਸਕਦਾ ਹੈ। ਹਾਂ, ਜ਼ਮੀਨਦੋਜ਼ ਪੱਕੀ ਨਾਲੀ 25-35 ਫੀਸਦੀ, ਫੁਹਾਰਾ ਸਿੰਚਾਈ 50-60 ਫੀਸਦੀ ਅਤੇ ਤੁਪਕਾ ਸਿੰਚਾਈ 70-80 ਫੀਸਦੀ, ਫੁਹਾਰਾ ਸਿੰਚਾਈ ਪਾਣੀ ਬਚਾਉਂਦੀ ਹੈ। ਮੋੜਵੇਂ ਰੂਪ 'ਚ ਊਰਜਾ, ਸਰਕਾਰੀ-ਗੈਰ-ਸਰਕਾਰੀ ਅਸਾਸਿਆਂ ਸਮੇਤ, ਸਮਾਂ ਅਤੇ ਖਾਲਾਂ ਹੇਠਲੀ ਜ਼ਮੀਨ ਦੀ ਬੱਚਤ ਸਮੇਤ ਨਦੀਨਾਂ/ਨਦੀਨ ਨਾਸ਼ਕਾਂ, ਕੀਟਾਂ/ਕੀਟ ਨਾਸ਼ਕਾਂ, ਟੁੱਟ-ਭੱਜ ਅਤੇ ਵਾਤਾਵਰਨ ਦੀ ਵੀ ਬੇਹੱਦ ਬੱਚਤ ਹੁੰਦੀ ਹੈ। 'ਬਿਜਲੀ-ਪਾਣੀ ਮੁਫਤ' ਦੀ ਬਜਾਏ 'ਸਰਕਾਰ' ਵਿਗਿਆਨਕ ਸਿੰਚਾਈ ਪ੍ਰਨਾਲੀਆਂ ਦੇ ਸਤੀਕਰਨ ਸਮੇਤ ਮੀਂਹ ਦੇ ਪਾਣੀ ਨੂੰ ਸਾਂਭਣ-ਵਰਤਣ ਦੇ ਪੁਖਤਾ ਪ੍ਰਬੰਧ ਕਰੇ।

ਵਰਖਾ, ਜੋ ਪਾਣੀ ਦਾ ਮੁੱਢਲਾ ਸੋਮਾ ਹੈ, ਵਜੋਂ ਕੁਦਰਤ ਸਾਡੇ 'ਤੇ ਬੜੀ ਦਿਆਲ ਸੀ/ਹੈ। ਪਰ, ਅਸੀਂ ਇਸ ਦੀ ਕਦਰ ਨਹੀਂ ਕਰਦੇ। ਸਾਡੇ ਦੇਸ਼ ਵਿਚ ਹਰ ਸਾਲ ਕਰੀਬ 4000 ਅਰਬ ਘਣ ਮੀਟਰ ਮੀਂਹ ਪੈਂਦਾ ਸੀ/ਹੈ। ਭਾਰਤ ਵਿਚ ਔਸਤਨ ਸਾਲਾਨਾ ਵਰਖਾ 1200 ਮਿ.ਮੀ. ਪੈਂਦੀ ਸੀ/ਹੈ। ਪ੍ਰੰਤੂ, ਇਸ ਦਾ 70 ਫੀਸਦੀ ਹਿੱਸਾ ਬਰਸਾਤਾਂ ਦੇ ਮਾਤਰ 100 ਕੁ ਦਿਨਾਂ ਵਿਚ ਹੀ ਵਰ੍ਹ ਜਾਂਦਾ ਹੈ। ਭੂਗੋਲਿਕ ਅਤੇ ਬਨਸਪਤੀ ਹਾਲਾਤਾਂ ਅਨੁਸਾਰ ਕਿਤੇ ਬਹੁਤਾ, ਕਿਤੇ ਮੂਲੋਂ ਘੱਟ। ਇਸਦਾ ਅੱਧਾ ਮਹਿਜ਼ 50-100 ਘੜੀਆਂ ਵਿਚ ਹੀ, ਜਿਸ ਨੂੰ ਮੁਸਲੇਧਾਰ ਮੀਂਹ ਕਿਹਾ ਜਾਂਦਾ ਹੈ ਵਰ੍ਹ ਜਾਂਦਾ। ਇਹੀ ਪਾਣੀ ਸਾਨੂੰ ਰੋੜ੍ਹਦਾ, ਖੋਰਦਾ ਹੈ ਤੇ ਨੁਕਸਾਨ ਦਾ ਹੈ। ਸਾਡੀਆਂ ਨਲਾਇਕੀਆਂ-ਲਾਲਸਾਵਾਂ ਕਾਰਨ ਵਰਖਾ ਅਤੇ ਜਲ-ਵਹਿਣ ਗੜਬੜਾ ਗਏ ਹਨ। ਸਾਵੀਂ ਵਰਖਾ ਲਈ ਸਾਨੂੰ ਉਹ ਕਾਰਕ ਵੀ ਮੁੜ-ਸਿਰਜਣੇ ਪੈਣੇ ਹਨ, ਜਿਹੜੇ ਵਰਖਾ ਵਰ੍ਹਾਉਣ 'ਚ ਸਹਾਈ ਹੁੰਦੇ ਹਨ ਅਤੇ ਉਹ ਕਾਰਨ ਤੱਜਣੇ ਪੈਣੇ ਹਨ, ਜਿਨ੍ਹਾਂ ਕਾਰਨ ਵਰਖਾ ਰੁੱਸ ਗਈ ਹੈ।

ਕੀ ਵਰਖਾ ਦੀ ਮੌਜੂਦਾ ਦਰ ਵੀ ਜਾਰੀ ਰਹੇਗੀ ? ਇਹ ਵੀ ਅਸੰਭਵ ਜਾਪਦੀ ਹੈ। ਮਨੁੱਖ ਵਲੋਂ ਖੁਦ-ਸਿਰਜੀ ਆਲਮੀ ਤਪਸ਼ ਨੇ ਮੌਸਮ ਗੜਬੜਾ ਦਿੱਤੇ ਹਨ। ਧਰਤੀ ਦਾ ਤਾਪਮਾਨ ਡੇਢ ਡਿਗਰੀ ਵੀ ਵੱਧ ਜਾਵੇ, ਤਦ ਮੀਂਹ ਪੈਣ ਦੀ ਸੰਭਾਵਨਾ 10 ਫੀਸਦੀ ਘੱਟ ਜਾਂਦੀ ਹੈ ਅਤੇ ਜਲ-ਵਹਿਣਾ ਦੇ ਵਹਾਅ ਵਿਚ 60 ਫੀਸਦੀ ਦੀ ਕਮੀ ਆ ਜਾਂਦੀ ਹੈ। ਦਰ-ਹਕੀਕਤ, ਕੁਦਰਤ ਇਕ ਜਲ-ਚੱਕਰ ਦੇ ਰੂਪ ਵਿਚ ਸਾਨੂੰ ਪਾਣੀ ਦਿੰਦੀ ਹੈ। ਅਸੀਂ ਉਸ ਚੱਕਰ ਦਾ ਮਹੱਤਵਪੂਰਨ ਹਿੱਸਾ ਹਾਂ। ਇਸ ਚੱਕਰ ਨੂੰ ਚੱਲਦਾ ਰੱਖਣਾ ਸਾਡੀ ਜ਼ਿੰਮੇਵਾਰੀ ਹੈ। ਇਹ ਚੱਕਰ ਤਦ ਹੀ ਚਲਦਾ ਰਹਿ ਸਕਦਾ ਹੈ, ਜੇ ਜੰਗਲ, ਪਹਾੜ, ਜਲ-ਵਹਿਣ, ਜਲ-ਸੋਮੇ, ਜੀਵ-ਜੰਤੂ ਭਾਵ ਕੁਦਰਤੀ ਸਮਤੋਲ ਅਤੇ ਸ਼ੁੱਧ ਤੇ ਸਾਵੇਂ ਵਾਤਾਵਰਨ ਸਮੇਤ ਉਹ ਸਾਰੇ ਕਾਰਕ ਜਿਉਂਦੇ ਰਹਿਣ ਜੋ ਸਾਵੀਂ ਮੌਨਸੂਨ (ਜਲ-ਚੱਕਰ)ਲਈ ਨਿਹਾਇਤ ਜ਼ਰੂਰੀ ਹਨ। ਇਸ ਚੱਕਰ ਦਾ ਰੁੱਕ ਜਾਣਾ ਜੀਵਨ ਦਾ ਅੰਤ ਹੈ। ਜਲ-ਸੰਕਟ ਦਾ ਹਕੀਕੀ-ਹੱਲ ਲੋਕ-ਪੱਖੀ ਨਿਜ਼ਾਮ ਅਤੇ ਸਾਦੀ ਜੀਵਨ-ਜਾਚ ਨਾਲ ਵੀ ਬੱਝਾ ਹੋਇਆ ਹੈ।

ਸਾਡੇ ਦੇਸ਼ ਵਿਚ ਮੀਹਾਂ ਤੇ ਬਾਰ੍ਹਾਂ ਮਾਸੀ ਨਦੀਆਂ ਰਾਹੀਂ ਲਗਭਗ 500 ਘਣ ਕਿਲੋਮੀਟਰ ਵਰਖਾ ਦਾ ਅਤੇ ਬਫਰਾਨੀ ਪਾਣੀ ਆਉਂਦਾ ਸੀ/ਹੈ। ਪ੍ਰੰਤੂ, ਅਸੀਂ ਸਿਰਫ 8 ਫੀਸਦੀ (320 ਅ.ਘ.ਮੀ.) ਹੀ ਸਾਂਭਦੇ-ਸਲੂਟਦੇ ਹਾਂ। ਉਪਯੋਗੀ ਲੋੜ 1250 ਹੈ। ਸੋ, ਬਾਕੀ ਧਰਤੀ ਵਿਚੋਂ ਕੱਢਿਆ ਜਾਂਦਾ ਹੈ। ਕਰੀਬ 65 ਫੀਸਦੀ ਪਾਣੀ ਖੇਤੀ ਲਈ ਅਤੇ ਥੋੜ੍ਹੇ-ਬਹੁਤੇ ਫਰਕ ਨਾਲ 20 ਫੀਸਦੀ ਉਦਯੋਗਾਂ ਤੇ 15 ਫੀਸਦੀ ਘਰੇਲੂ ਵਰਤੋਂ ਲਈ ਵਰਤ ਹੋ ਰਿਹਾ ਹੈ। ਬਿਨਾਂ ਸ਼ੱਕ ਵੱਧ ਵੇਸਟੇਜ ਤੇ ਗੰਧਲਾ ਉਦਯੋਗ ਕਰਦੇ ਹਨ ਪਰੰਤੂ ਬਹੁ-ਪਰਤੀ ਹਾਈਬਰਿਡ ਘਣੀ-ਖੇਤੀ ਤੇ ਗੈਰ-ਸਿਆਣਪੀ ਸਿੰਚਾਈ ਨੂੰ ਦਰ-ਕਿਨਾਰ ਨਹੀਂ ਕੀਤਾ ਜਾ ਸਕਦਾ। ਉਦਯੋਗੀ ਧੰਨ-ਕੁਬੇਰਾਂ, ਜਿਹੜੇ ਦਿਨ-ਰਾਤ ਪਤਾਲ 'ਚੋਂ ਮਨਾਂ-ਮੂੰਹੀਂ ਪਾਣੀ ਖਿੱਚ ਰਹੇ ਹਨ, ਨੂੰ ਨੱਥ ਮਾਰਨ ਸਮੇਤ ਭੂਗੋਲਿਕ ਅਤੇ ਜਲ-ਸਥਿਤੀ ਅਤੇ ਕੁਦਰਤ ਨਾਲ ਮੇਚਵੀਆਂ ਬਹੁ-ਪਰਤੀ ਫਸਲਾਂ ਅਤੇ ਵਿਗਿਆਨਕ ਤੇ ਮਿਣਵੀਂ ਸਿੰਚਾਈ ਪ੍ਰਨਾਲੀ ਵੱਲ ਤੁਰੰਤ ਮੁੜਨਾ ਪਵੇਗਾ। ਗੈਰ-ਕੁਦਰਤੀ ਦਰਿਆਈ ਸਮਝੌਤੇ ਤੱਜ ਕੇ, ਨਹਿਰੀ ਤਾਣਾ-ਬਾਣਾ, ਜਿਹੜਾ ਮਿੱਟੀ ਨੂੰ ਜਰਖੇਜ਼ ਬਣਾਉਂਦਾ ਹੈ, ਸਿਰਜਣਾ, ਇਕ ਹੋਰ ਅਹਿਮ ਕਾਰਜ ਹੈ।

ਦਰ-ਹਕੀਕਤ, ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ, ਬਾਕੀ ਸਭ ਵਗਦਾ, ਖੜ੍ਹੋਤਾ (ਨਦੀਆਂ, ਝੀਲਾਂ) ਅਤੇ ਜ਼ਮੀਨ ਹੇਠਲਾ ਪਾਣੀ ਸਾਰੇ ਹੀ ਦੋਇਮ-ਦਰਜੇ ਦੇ ਤੇ ਵਰਖਾ 'ਤੇ ਮੁਨੱਸਰ ਸੋਮੇ ਹਨ। ਸ਼ੁਕਰ ਹੈ, ਕੁਦਰਤੀ ਜਲ-ਚੱਕਰ ਦੀ ਬਦੌਲਤ ਭਾਰਤੀ ਸਤਹ ਉੱਤੇ ਅਜੇ ਵੀ ਸਵੱਲਾ ਮੀਂਹ ਵਰਸਤਾ ਹੈ। ਅਵੇਸਲੇਪਨ ਨਾਲ ਇਸਦਾ ਦੋ-ਤਿਹਾਈ ਹਿੱਸਾ ਅਜਾਈਂ ਵਗਦਾ ਅਤੇ ਨੁਕਸਾਨਦਾ ਹੈ। ਪੰਜਾਬ ਵਿਚ ਹੜ੍ਹਾਂ ਅਤੇ ਜਲ-ਸੰਕਟ ਦਾ ਇਤਿਹਾਸ ਉਦੋਂ ਸ਼ੁਰੂ ਹੋਇਆ ਜਦ ਅਸੀਂ ਛੱਪੜ-ਢਾਬਾਂ-ਛੰਭ ਅਤੇ ਕੁਦਰਤੀ ਜਲ-ਵਹਿਣ ਫਨਾਹ ਕਰ ਦਿੱਤੇ। ਜਲ-ਵਹਿਣ ਵਗਦੇ ਅਤੇ ਜੀਰਦੇ ਰਹਿਣੇ ਚਾਹੀਦੇ ਸਨ, ਜਿਹੜੇ ਵਰਖਾ ਦੇ ਵੀ ਪੂਰਕ ਹਨ। ਵਰਖਾ ਭਾਵੇਂ ਗੜਬੜਾ ਗਈ ਹੈ, ਪਰ ਇਹ ਜਿੰਨੀ ਵੀ ਅਤੇ ਜਿੱਥੇ ਵੀ ਪੈਂਦੀ ਹੈ, ਸੰਭਾਲਣ ਤੋਂ ਬਿਨਾ ਕੋਈ ਚਾਰਾ ਨਹੀਂ। ਜਲ-ਸੰਕਟ ਨਿਵਾਰਣ, ਭੋਂ-ਖੋਰ ਅਤੇ ਹੜ੍ਹਾਂ ਦੀ ਰੋਕਥਾਮ ਦਾ 'ਰਾਮ ਬਾਣ' ਇਹੀ ਹੈ। ਅਸੀਂ, ਭੁੱਲੀ ਬੈਠੇ ਹਾਂ, 'ਜੇ ਮਿੱਟੀ ਅਤੇ ਪਾਣੀ ਹੈ, ਤਦ ਹੀ ਬਨਸਪਤੀ (ਜੰਗਲ) ਹੈ। 'ਜੰਗਲ', ਵਰਖਾ ਦੇ ਸਾਕਸ਼ੀ ਹਨ। 'ਵਰਖਾ', ਪਾਣੀ ਦਾ ਮੁੱਢਲਾ ਸੋਮਾ ਹੈ। 'ਮਿੱਟੀ ਅਤੇ ਪਾਣੀ', ਜੀਵਨ ਦੇ ਧਰੋਹਰ ਹਨ।'

ਮੁੱਕਦੀ ਗੱਲ, ਪਾਣੀ 100 ਫੀਸਦੀ ਕੁਦਰਤੀ ਨਿਆਮਤ ਹੈ। ਇਹ ਬਣਾਇਆ ਨਹੀਂ ਜਾ ਸਕਦਾ। ਇਸ ਦੀ ਸੰਜਮੀ ਅਤੇ ਭਲੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਸ਼ੁੱਧ ਰੱਖਿਆ ਜਾ ਸਕਦਾ ਹੈ, ਬਚਾਇਆ ਜਾ ਸਕਦਾ ਹੈ। ਵਰ੍ਹਾਇਆ ਅਤੇ ਧਰਤੀ 'ਚ ਭੇਜਿਆ ਜਾ ਸਕਦਾ ਹੈ।



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri.Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਹੜ੍ਹ ਮਾਰੇ ਖੇਤਰਾਂ ਵਿੱਚ ਹਰ ਸਾਲ ਦੁਬਾਰਾ ਝੋਨਾ ਲਾਉਂਦੇ ਨੇ ਕਿਸਾਨ

ਬਰਸਾਤੀ ਨਦੀਆਂ ਵਿੱਚ ਹੜ੍ਹਾਂ ਦਾ ਖਤਰਾ ਅਜੇ ਸਿਰ 'ਤੇ ਹੈ, ਪਰ ਕਿਸਾਨਾਂ ਨੇ ਹੜ੍ਹ ਮਾਰੂ ਖੇਤਰਾਂ ਵਿੱਚ 80 ਤੋਂ ਲੈ ਕੇ 95 ਫੀਸਦੀ ਝੋਨਾ ਲਗਾ ਦਿੱਤਾ ਹੈ। ਹਰ ਵਾਰ ਦੀ ਤਰ੍ਹਾਂ ਹੜ੍ਹਾਂ ਦੌਰਾਨ ਝੋਨਾ ਮਰਨ ਦਾ ਖਤਰਾ ਇਸ ਵਾਰ ਵੀ ਕਿਸਾਨਾਂ ਨੂੰ ਸਤਾ ਰਿਹਾ ਹੈ, ਪਰ ਮਜਬੂਰ ਕਿਸਾਨ ਨੇ ਝੋਨਾ ਫਿਰ ਲਗਾ ਦਿੱਤਾ ਹੈ। ਵੱਖ-ਵੱਖ ਖੇਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਰਸਾਤੀ ਨਦੀਆਂ ਵਿੱਚ ਆਉਂਦੇ ਹੜ੍ਹਾਂ ਕਾਰਨ ਹੋਰਨਾਂ ਫ਼ਸਲਾਂ ਦੇ ਨਾਲ-ਨਾਲ ਝੋਨੇ ਦੀ ਤਬਾਹੀ ਹੁੰਦੀ ਹੈ। ਇਸ ਬਾਰੇ ਕਿਸਾਨਾਂ ਨੂੰ ਪਤਾ ਹੈ ਪਰ ਫਿਰ ਵੀ ਉਹ ਹੜ੍ਹ ਆਉਣ ਤੋਂ ਪਹਿਲਾਂ ਝੋਨਾ ਲਾਉਂਦੇ ਹਨ। ਜੇ ਹੜ੍ਹ ਦੌਰਾਨ ਝੋਨਾ ਮਰ ਜਾਂਦਾ ਹੈ ਤਾਂ ਉਹ ਕਈ ਤਰ੍ਹਾਂ ਦੀਆਂ ਤੰਗੀਆਂ ਤੇ ਬਿਜਲੀ ਪਾਣੀ ਦੀ ਮੁੜ ਵਰਤੋਂ ਕਰਕੇ ਝੋਨਾ ਲਾਉਂਦੇ ਹਨ।

### ਖਰਚਿਆਂ ਸਮੇਤ ਹਰ ਤਰ੍ਹਾਂ ਦੀ ਖੱਜਲ ਖੁਆਰੀ ਆਪਣੇ ਪਿੰਡੇ 'ਤੇ ਹੰਢਾਉਂਦੇ ਨੇ ਕਿਸਾਨ

ਕੁਝ ਖੇਤਰਾਂ ਵਿੱਚ ਤਾਂ ਇਹ ਹਾਲ ਹੁੰਦਾ ਹੈ ਕਿ ਝੋਨਾ ਦੁਬਾਰਾ ਫਿਰ ਮਰ ਜਾਂਦਾ ਹੈ ਤੇ ਉਹ ਮੁੜ ਲਗਾਇਆ ਜਾਂਦਾ ਹੈ। ਇਸ ਨਾਲ ਜਿੱਥੇ ਕਿਸਾਨਾ ਨੂੰ ਵਿੱਤੀ ਨੁਕਸਾਨ ਹੁੰਦਾ ਹੈ, ਉੱਥੇ ਹੀ ਧਰਤੀ ਹੇਠਲਾ ਪਾਣੀ ਬਰਬਾਦ ਹੁੰਦਾ ਹੈ ਅਤੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਦਾ ਵੀ ਨੁਕਸਾਨ ਹੁੰਦਾ ਹੈ। ਇਸ ਦੌਰਾਨ ਕਿਸਾਨ ਵਿੱਤੀ ਨੁਕਸਾਨ ਬਾਰੇ ਤਾਂ ਗੱਲ ਕਰਦੇ ਹਨ, ਪਰ ਧਰਤੀ ਹੇਠਲੇ ਪਾਣੀ ਤੇ ਬਿਜਲੀ ਦੇ ਹੋ ਰਹੇ ਨੁਕਸਾਨ ਦੀ ਗੱਲ ਨਹੀਂ ਕਰਦੇ।

### ਦੂਜੀ ਵਾਰ ਮਹਿੰਗੀ ਮਿਲਦੀ ਹੈ ਪਨੀਰੀ ਅਤੇ ਲੇਬਰ : ਕਿਸਾਨ

ਸਨੌਰ ਤੋਂ ਅੱਗੇ ਪਿੰਡ ਰਾਠੀਆਂ ਦੇ ਰਾਜੇਵਾਲ ਗਰੁੱਪ ਦੇ ਬਲਾਕ ਪ੍ਰਧਾਨ ਰਹੇ ਕਿਸਾਨ ਅਮਰਿੰਦਰ ਸਿੰਘ ਰਾਠੀਆਂ ਨੇ ਕਿਹਾ ਕਿ ਪਿਛਲੇ ਸਾਲ 45 ਏਕੜ ਝੋਨਾ ਹੜ੍ਹ ਕਾਰਨ ਮਰ ਗਿਆ ਸੀ, ਜੋ ਮਾਲੇਰਕੋਟਲੇ ਕੋਲੋਂ ਇੱਕ ਪਿੰਡ ਵਿੱਚੋਂ ਲਿਆਂਦੀ ਪਨੀਰੀ ਨਾਲ ਦੁਬਾਰਾ ਲਗਾਇਆ ਗਿਆ। 2000 ਮਰਲਾ ਪਨੀਰੀ ਮਿਲੀ, ਜਿਸ 'ਤੇ ਕਰੀਬ 80 ਤੋਂ 90 ਹਜ਼ਾਰ ਰੁਪਏ ਖਰਚਾ ਆ ਗਿਆ, ਕਬਾੜ ਦੀ ਦਵਾਈ, ਯੂਰੀਆ, ਲੇਬਰ ਦਾ ਖਰਚਾ (4 ਹਜ਼ਾਰ ਰੁਪਏ ਪ੍ਰਤੀ ਏਕੜ) ਸਾਰਾ ਕੁਝ ਦੁਬਾਰਾ ਕਰਨਾ ਪਿਆ। ਕਿਸਾਨ ਲਖਵਿੰਦਰ ਸਿੰਘ ਭਾਂਖਰ ਨੇ ਕਿਹਾ ਕਿ ਪਿਛਲੇ ਸਾਲ 20 ਏਕੜ ਝੋਨਾ ਮਰ ਗਿਆ, ਹਰ ਸਾਲ ਮਰਦਾ ਹੈ। ਪਿਛਲੇ ਸਾਲ ਪਨੀਰੀ ਅਬੋਹਰ ਤੋਂ ਲੈ ਕੇ ਆਏ, ਜਿਸ ਦੇ ਲਿਆਉਣ ਦਾ ਖਰਚਾ 25 ਹਜ਼ਾਰ ਰੁਪਏ ਪੈ ਗਿਆ ਸੀ। ਗੁਰਪ੍ਰੀਤ ਸਿੰਘ ਧਰਮਹੇੜੀ ਨੇ ਕਿਹਾ ਕਿ ਸਾਡੇ ਇਲਾਕੇ ਵਿੱਚ ਕਰੀਬ 80 ਫੀਸਦੀ ਝੋਨਾ ਮਰ ਜਾਂਦਾ ਹੈ, ਕਈ ਵਾਰ ਤਾਂ 100 ਫੀਸਦੀ ਮਰਦਾ ਹੈ ਤੇ ਦੁਬਾਰਾ ਲਾਇਆ ਜਾਂਦਾ ਹੈ।

ਪਟਿਆਲਾ ਦੀਆਂ ਦੋ ਵਿਦਿਆਰਥਣਾਂ ਦੀ ਉੱਚੀ ਉਡਾਨ

# ਬਿਮਾਰ ਹੋਣ 'ਤੇ ਦੁੱਧ ਲਈ ਲਿਆਂਦੀ ਇੱਕ ਬੱਕਰੀ, 2 ਬੱਚੀਆਂ ਨੇ 100 ਬੱਕਰੀਆਂ ਦਾ ਕਾਰੋਬਾਰ ਖੜ੍ਹਾ ਕਰਕੇ ਪੈਦਾ ਕੀਤੀ ਇੱਕ ਮਿਸਾਲ

- ਡੇਂਗੂ ਨੇ ਦਿਖਾਈ ਬੱਕਰੀ ਪਾਲਣ ਦੀ ਰਾਹ, ਹੁਣ ਹਰ ਮਹੀਨੇ ਤਿੰਨ ਲੱਖ ਰੁਪਏ ਦੀ ਆਮਦਨੀ
- ਬੱਕਰੀਆਂ ਤੋਂ ਰੋਜ਼ਾਨਾ 20 ਲੀਟਰ ਦੁੱਧ ਉਤਪਾਦਨ

ਪਟਿਆਲਾ ਦੀਆਂ 2 ਵਿਦਿਆਰਥਣਾਂ ਨੇ ਬੱਕਰੀ ਪਾਲਣ ਵਿੱਚ ਵੱਡਾ ਕਾਰੋਬਾਰ ਖੜਾ ਕੀਤਾ ਹੈ। ਇਹ ਕਾਰੋਬਾਰ ਸ਼ੁਰੂ ਕਰਨ ਦੀ ਦਿਲਚਸਪ ਕਹਾਣੀ ਉਨ੍ਹਾਂ ਦੇ ਪਲੇਟਲੇਟਸ ਵਧਾਉਣ ਦੇ ਯਤਨ ਨਾਲ ਸ਼ੁਰੂ ਹੁੰਦੀ ਹੈ। ਹੁਣ ਉਨ੍ਹਾਂ ਦੇ ਬੱਕਰੀ ਪਾਲਣ



ਸੈਂਟਰ 'ਤੇ ਲਗਭਗ 100 ਬੱਕਰੀਆਂ ਹਨ। ਇਨ੍ਹਾਂ ਦੀ ਹਰ ਮਹੀਨੇ ਕਰੀਬ 3 ਲੱਖ ਰੁਪਏ ਦੀ ਆਮਦਨੀ ਹੋ ਰਹੀ ਹੈ।

ਪਟਿਆਲਾ ਸ਼ਹਿਰ ਦੇ ਆਰੀਆ ਸਮਾਜ ਵਿੱਚ ਰਹਿੰਦੀਆਂ ਮੰਨਤ (11ਵੀਂ ਜਮਾਤ) ਅਤੇ ਇਕਨੂਰ ਕੌਰ (10ਵੀਂ ਜਮਾਤ) ਦੇ ਪਿਤਾ ਹਰਭਜਨ ਸਿੰਘ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਜ਼ਿਲ੍ਹਾ ਚਾਈਲਡ ਪ੍ਰੋਟੈਕਸ਼ਨ ਅਫਸਰ ਪਦ 'ਤੇ ਤੈਨਾਤ ਹਨ। ਹਰਭਜਨ ਨੇ ਦੱਸਿਆ ਕਿ ਸਾਲ 2019 ਦੇ ਅਕਤੂਬਰ ਵਿੱਚ ਬੇਟੀਆਂ ਨੂੰ ਡੇਂਗੂ ਦੀ ਸ਼ਿਕਾਇਤ ਹੋ ਗਈ ਸੀ। ਇਨ੍ਹਾਂ ਪਲੇਟਲੇਟਸ ਜ਼ਿਆਦਾ ਘਟੇ, ਤਾਂ ਲੋਕਾਂ ਦੀ ਸਲਾਹ 'ਤੇ ਬੱਕਰੀ ਦੇ ਦੁੱਧ ਦੀ ਤਲਾਸ਼ ਕੀਤੀ, ਜਿਸ ਦੇ ਲਈ ਕਾਫੀ ਪਰੇਸ਼ਾਨੀ ਝੱਲਣੀ ਪਈ। ਆਨਲਾਈਨ ਸਰਚ ਕਰਕੇ ਰਾਜਸਥਾਨ ਤੋਂ ਬੱਕਰੀ ਖਰੀਦ ਕੇ ਟ੍ਰੇਨ ਜ਼ਰੀਏ ਮੰਗਵਾਈ ਗਈ। ਇਸ ਦਾ ਦੁੱਧ ਪੀਣ ਤੋਂ ਬਾਅਦ ਬੱਚੀਆਂ ਦੇ ਪਲੇਟਲੇਟਸ ਵੱਧ ਗਏ। ਇਨ੍ਹਾਂ ਦੀ ਸਿਹਤ ਵਿੱਚ ਤੇਜ਼ੀ ਨਾਲ ਸੁਧਾਰ ਹੁੰਦਾ ਦੇਖ ਗਵਾਂਢ ਦੇ ਲੋਕਾਂ ਨੇ ਵੀ ਬੱਕਰੀ ਦਾ ਦੁੱਧ ਪੀਣ ਤੋਂ ਬਾਅਦ ਚੰਗਾ ਮਹਿਸੂਸ ਕੀਤਾ। ਰਾਜਸਥਾਨ ਤੋਂ ਲਿਆਂਦੀ ਗਈ ਇਸ ਬੱਕਰੀ ਨੇ ਕੁਝ ਮਹੀਨੇ ਬਾਅਦ ਦੋ ਬੱਚਿਆਂ ਨੂੰ ਜਨਮ ਦਿੱਤਾ ਅਤੇ ਇਨ੍ਹਾਂ ਬੱਚਿਆਂ ਤੋਂ ਵੀ ਹੋਰ ਬੱਚੇ ਪੈਦਾ ਹੋਣ ਤੋਂ ਬਾਅਦ ਗਿਣਤੀ ਵੱਧਦੇ ਹੋਏ 100 ਤੋਂ ਉਪਰ ਪਹੁੰਚ ਗਈ। ਸ਼ੌਕ ਦੇ ਲਈ ਬੱਕਰੀ ਪਾਲਣ ਪਹਿਲਾਂ ਘਰ ਦੀ ਛੱਤ 'ਤੇ ਕੀਤਾ। ਚੰਗਾ ਮੁਨਾਫਾ ਹੋਇਆ ਅਤੇ ਬੱਕਰੀਆਂ ਦੀ ਗਿਣਤੀ ਜ਼ਿਆਦਾ ਹੋਈ, ਤਾਂ ਬਹਾਦਰਗੜ੍ਹ ਕਸਬੇ ਦੇ ਕੋਲ ਪਿੰਡ ਰਾਏਪੁਰ ਵਿੱਚ ਪੁਸ਼ਤੈਨੀ ਜ਼ਮੀਨ ਵਿੱਚ ਬੰਬੂ ਫਾਰਮ ਬਣਾ ਕੇ ਬੱਕਰੀ ਪਾਲਣ ਸ਼ੁਰੂ ਕੀਤਾ। ਉਨ੍ਹਾਂ ਦੀ ਚੰਗੀ ਆਮਦਨੀ ਦੇਖਦੇ ਹੋਏ ਨੇੜੇ-ਤੇੜੇ ਦੇ ਪਿੰਡਾਂ ਦੇ ਲੋਕ ਟ੍ਰੇਨਿੰਗ ਲੈਣ ਆਉਂਦੇ ਹਨ। ਇੱਕ ਬੈਚ ਦੇ ਤੌਰ 'ਤੇ 35 ਲੋਕਾਂ ਦੇ ਇਕੱਠੇ ਹੋਣ 'ਤੇ ਦੋ ਦਿਨਾਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਰਾਏਪੁਰ ਦੇ ਇਸ ਫਾਰਮ ਵਿੱਚ ਪ੍ਰਤੀ ਦਿਨ 20 ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ। ਇਸ ਨੂੰ 400 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਵੇਚਿਆ ਜਾਂਦਾ ਹੈ। ਦੁੱਧ ਅਤੇ ਬੱਕਰੀ ਵੇਚਣ ਤੋਂ ਹਰ ਮਹੀਨੇ ਲਗਭਗ 3 ਲੱਖ ਰੁਪਏ ਦੀ ਆਮਦਨ ਹੁੰਦੀ ਹੈ।



### 51 ਹਜ਼ਾਰ ਰੁਪਏ ਦਾ ਇਨਾਮ ਜਿੱਤਿਆ, ਥਾਪਰ ਵਿੱਚ ਸਿਖਲਾਈ ਮਿਲੀ

ਹਰਭਜਨ ਸਿੰਘ ਨੇ ਦੱਸਿਆ ਕਿ ਸਾਲ 2022-23 ਵਿੱਚ ਆਤਮ-ਨਿਰਭਰ ਮਹਿਲਾ ਥੀਮ 'ਤੇ ਇੱਕ ਪ੍ਰਤੀਯੋਗਤਾ ਕਰਵਾਈ ਗਈ ਸੀ, ਜਿਸ ਵਿੱਚ ਮੰਨਤ ਅਤੇ ਇਕਨੂਰ ਨੇ ਹਿੱਸਾ ਲਿਆ ਸੀ। ਇਨ੍ਹਾਂ ਦੋਵਾਂ ਨੇ ਗੋਟ ਫਾਰਮਿੰਗ (ਬੱਕਰੀ ਪਾਲਣ) ਤੋਂ ਕਿਸ ਤਰ੍ਹਾਂ ਚੰਗਾ ਮੁਨਾਫਾ ਕਮਾਇਆ ਜਾ ਸਕਦਾ ਹੈ, ਇਸ ਦੀ ਪੇਸ਼ਕਸ਼ ਕੀਤੀ ਸੀ। 418 ਭਾਗੀਦਾਰਾਂ ਵਿੱਚੋਂ ਇਨ੍ਹਾਂ ਦੋਵਾਂ ਨੇ ਪਹਿਲਾ ਇਨਾਮ ਜਿੱਤਿਆ ਸੀ। ਉਸ ਸਮੇਂ ਦੇ ਡੀ. ਸੀ. ਸਾਕਸ਼ੀ ਸਾਹਨੀ ਨੇ ਇਨ੍ਹਾਂ ਬੱਚੀਆਂ ਦੀ ਪ੍ਰਤਿਭਾ ਨੂੰ ਦੇਖਦੇ ਹੋਏ ਥਾਪਰ ਯੂਨੀਵਰਸਿਟੀ, ਪਟਿਆਲਾ ਵਿੱਚ ਇਨ੍ਹਾਂ ਦੀ ਦੋ ਦਿਨ ਦੀ ਗੋਟ ਫਾਰਮਿੰਗ ਦੀ ਟ੍ਰੇਨਿੰਗ ਦਿਵਾਈ, ਤਾਂਕਿ ਇਸ ਕੰਮ ਨੂੰ ਹੋਰ ਵਧੀਆ ਕਰ ਸਕਣ। ਪ੍ਰਸ਼ਾਸ਼ਨ ਤੋਂ ਪ੍ਰਸ਼ੰਸਾ ਮਿਲਣ ਤੋਂ ਬਾਅਦ ਹੌਂਸਲੇ ਨੂੰ ਨਵੀਂ ਉਡਾਨ ਮਿਲੀ, ਤਾਂ ਧੰਦਾ ਵਧਾ ਦਿੱਤਾ।